ਧੁੱਪ ਦੀ ਮੂਰਤ

ਸੁਰਿੰਦਰ ਸਿੰਘ ਰੋਸ਼ਨ



ਧੁੱਪ ਦੀ ਮੂਰਤ

ਸਤਿਨਾਮ ਸਿੰਘ ਕੋਮਲ

ਸੁਖਮਨ ਪ੍ਰਕਾਸ਼ਨ

Dhup Di Murat
Gazals by : **Satnam Singh Komal**
248, Urban Estate, Ludhiana-10
Ph: 0161-2670894

ਕਾਪੀ ਰਾਈਟ : ਸਤਿਨਾਮ ਸਿੰਘ ਕੋਮਲ

ਪਹਿਲੀ ਵਾਰ : 2004
ਪ੍ਰਕਾਸ਼ਕ : **ਸੁਖਮਨ ਪ੍ਰਕਾਸ਼ਨ**
248, ਅਰਬਨ ਅਸਟੇਟ, ਲੁਧਿਆਣਾ 10,
ਫ਼ੋਨ: 0161 2670894
ਟਾਈਟਲ ਡਿਜ਼ਾਈਨ ਅਤੇ
ਟਾਈਪ ਸੈਟਿੰਗ : **ਫ਼ਸਟ ਵਰਡ ਪਬਲੀਕੇਸ਼ਨਜ਼**, ਗੁਰਦੇਵ ਨਗਰ,
ਲੁਧਿਆਣਾ, ਫ਼ੋਨ : 0161 3093077
ਮੁੱਲ : 80 ਰੁਪਏ ਸਜਿਲਦ
50 ਰੁਪਏ ਪੇਪਰ ਬੈਕ
ਪ੍ਰਿੰਟਿੰਗ : **artCave Printers**
1978/2, St. No. 2, Maharaj Nagar,
Behind Circuit House,
Ferozepur Road, Ludhiana. (M). 98146-34177

ਸਮਰਪਣ

ਮਾਂ ਦੀ ਜਿਉਂਦੀ ਮਮਤਾ ਨੂੰ

ਅਤੇ

ਪਿਤਾ ਦੇ ਮੁੱਕ ਗਏ ਪਿਆਰ ਨੂੰ

ਕੀ ਕਿੱਥੇ ?

ਭਾਵਪੂਰਤ ਮੂਰਤਾਂ

ਸਤਿਨਾਮ ਸਿੰਘ ਕੋਮਲ ਦੀ ਸ਼ਾਇਰੀ ਜ਼ਿੰਦਗੀ ਦੀ ਭੱਠੀ ਵਿਚ ਤਪ ਕੇ ਪੱਕੀ ਹੋਈ ਸ਼ਾਇਰੀ ਹੈ। ਉਸ ਦੇ ਸ਼ੇਅਰਾਂ ਦਾ ਹੁਸਨ ਤੇ ਸ਼ਕਤੀ ਧਰਤੀ ਦੀ ਹਕੀਕਤ ਨਾਲ ਖਹਿੰਦੀ ਉਨ੍ਹਾਂ ਦੀ ਜਾਨ-ਹੂਲਣੀ ਨਿੱਗਰਤਾ ਵਿਚ ਹੈ। ਉਸ ਨੇ ਜ਼ਿੰਦਗੀ ਵਿਚ ਦੁੱਖ ਵੀ ਦੇਖਿਆ, ਮੁਸ਼ੱਕਤ ਵੀ ਕੀਤੀ, ਸਬਰ ਵੀ ਰੱਖਿਆ, ਹੌਸਲਾ ਵੀ। ਕਾਵਿਕਤਾ ਪੱਖੋਂ ਵੀ ਕੋਮਲ ਇਕ ਪ੍ਰਪੱਕ ਸ਼ਾਇਰ ਹੈ। ਉਸ ਨੇ ਬਹੁਤ ਸਾਰੇ ਅਛੂਤੇ ਖ਼ਿਆਲ ਤੇ ਬਿੰਬ ਆਪਣੀ ਸ਼ਾਇਰੀ ਵਿਚ ਮੂਰਤੀਮਾਨ ਕੀਤੇ ਹਨ। ਕਠੋਰ ਹਾਲਤਾਂ ਵਿਚ ਕਠਿਨ ਜ਼ਿੰਦਗੀ ਜਿਉਂਦਿਆਂ ਵੀ ਉਸ ਨੇ ਆਪਣੇ ਅੰਦਰ ਦੇ ਕੋਮਲ ਜਜ਼ਬਿਆਂ ਨੂੰ ਸਾਂਭ ਕੇ ਰੱਖਿਆ ਤੇ ਉਨ੍ਹਾਂ ਕੋਮਲ ਜਜ਼ਬਿਆਂ ਦੇ ਬਿਆਨ ਲਈ ਉਸ ਕੋਲ ਉੱਤਮ ਕਲਾਮਈ ਬਿਆਨ ਦੀ ਸਮਰਥਾ ਵੀ ਹੈ :

ਦੇਂਦਾ ਖ਼ਬਰ ਕੀ ਅਪਣੀ, ਪੁਛਦਾ ਕੀ ਹਾਲ ਤੇਰਾ
ਹਰ ਸ਼ਾਮ ਜਿਸਦੀ ਸੋਗੀ ਤੇ ਉਦਾਸ ਹਰ ਸਵੇਰਾ

ਮੇਰੀ ਗਲੀ 'ਚ ਯਾਰੋ ਨੇ ਬੱਤੀਆਂ ਦੇ ਪਹਿਰੇ
ਕਰਦਾ ਹੈ ਘਰ ਦੀ ਰਾਖੀ ਇਕ ਜਾਗਦਾ ਹਨੇਰਾ

ਵਿਚਰਾਂ ਮੈਂ ਜਿਸ ਵੀ ਮਹਿਫ਼ਲ, ਕਿਉਂ ਉਂਗਲਾਂ ਉਠਦੀਆਂ ਨੇ
ਮੇਰੇ ਖ਼ੂਨ ਵਿਚ ਵਫ਼ਾ ਹੈ, ਏਨਾ ਕਸੂਰ ਮੇਰਾ
੦

ਹੁਣ ਆਸ ਦੇ ਬਚੇ ਨਾ, ਬਹੁਤੇ ਨਿਸ਼ਾਨ ਬਾਕੀ
ਅਜੇ ਹੋਰ ਜ਼ਿੰਦਗੀ ਵਿਚ ਨੇ ਇਮਤਿਹਾਨ ਬਾਕੀ

ਵਾਵਾਂ ਦੀ ਬੇਰੁਖ਼ੀ ਨੇ ਹੈ ਤਾਰ ਤਾਰ ਕੀਤਾ
ਅਪਣੇ ਯਕੀਨ ਦਾ ਪਰ ਹੈ ਬਾਦਬਾਨ ਬਾਕੀ

ਕੋਮਲ ਦੀ ਸ਼ਾਇਰੀ ਦਿਲਾਂ ਵਿਚ ਇਨਸਾਫ਼, ਸੰਘਰਸ਼, ਜਵਾਬਦੇਹੀ, ਪਾਰਦਰਸ਼ਤਾ, ਸੁਹੱਪਣ ਤੇ ਬਰਾਬਰੀ ਭਰੀ ਦੁਨੀਆਂ ਦਾ ਸੰਕਲਪ ਪੈਦਾ ਕਰਦੀ ਹੈ। ਰਾਜਸੀ ਨੇਤਾਵਾਂ ਤੇ ਤਥਾ-ਕਥਿਤ ਧਾਰਮਿਕ ਆਗੂਆਂ ਦੇ ਚਰਿੱਤਰ ਬਾਰੇ ਉਸਦੇ ਸ਼ੇਅਰ ਕਾਟਵੇਂ ਵਿਅੰਗ ਕਰਦੇ ਹਨ ਤੇ ਸ਼ਾਇਰ ਕੋਮਲ ਦੀ ਪ੍ਰਚੰਡ ਚੇਤਨਾ ਤੇ ਲੋਕ-ਪੱਖੀ ਦਿਸ਼ਾ ਦਾ ਇਜ਼ਹਾਰ ਕਰਦੇ ਹਨ

ਕਰਨੀ ਕਿਸੇ ਕੀ ਬੋਲਾਂ, ਇਥੇ ਤੇਰਿਆਂ ਦੀ ਰਾਖੀ
ਬੱਸ ਕਰਦੀਆਂ ਨੇ ਗ਼ਫ਼ਲਾਂ, ਇਥੇ ਨ੍ਹੇਰਿਆਂ ਦੀ ਰਾਖੀ

ਨਾ ਭਗਤ ਦੇਸ਼ ਦੇ ਨੇ, ਨਾ ਦੀਨ ਤੇ ਹੀ ਪਹਿਰਾ
ਕਰਦੇ ਨੇ ਆਪੋ ਅਪਣੇ ਸਭ ਡੇਰਿਆਂ ਦੀ ਰਾਖੀ
o
ਲੰਘਿਆ ਹੈ ਵਜ਼ੀਰ ਇਕ, ਜਿਪਸੀ ਤੇ ਤੋਪਾਂ ਬੀੜ ਕੇ
ਕੰਧਾਂ ਮੇਰੇ ਘਰ ਦੀਆਂ ਨੇ ਹਾਲੇ ਤੀਕਰ ਹਿਲਦੀਆਂ

ਭ੍ਰਿਸ਼ਟ ਰਾਜਸੀ ਨੇਤਾਵਾਂ ਖ਼ਿਲਾਫ਼ ਰੋਹ ਤੇ ਮਾਨਵਤਾ ਦਾ ਦਰਦ ਉਸ ਦੀ ਸ਼ਾਇਰੀ ਵਿਚ ਵਿਆਪਕ ਤੌਰ ਤੇ ਵਿਦਮਾਨ ਹੈ:

ਪੀੜਾ ਮਨੁੱਖਤਾ ਦੀ ਜਾਂ ਅਪਣੇ ਹੀ ਦਿਲ ਦਾ ਗ਼ਮ
ਮੈਨੂੰ ਜਵਾਬ ਜਾਪਦੇ ਇੱਕੋ ਸਵਾਲ ਦੇ
ਰੋਂਦੀ ਏ ਅੱਖ ਮਨੁੱਖ ਦੀ ਹਿੰਦੂ ਜਾਂ ਸਿੱਖ ਦੀ
ਲਾਰੇ ਦੀ ਲੋਰੀ ਨਾਲ ਨੇ ਹਾਕਮ ਸੁਆਲਦੇ

ਇਨਸਾਨੀ ਪਰਖ ਤੇ ਸੰਘਰਸ਼ ਦੀ ਸ਼ਕਤੀ ਵਿਚ ਉਸਦਾ ਕਾਮਲ ਯਕੀਨ ਹੈ।

ਮੈਂ ਲਹਿਰਾਂ ਦਾ ਹੋਇਆ ਹਾਂ, ਛੱਡ ਕੇ ਕਿਨਾਰੇ
ਇਹ ਜੀਵਨ ਤਾਂ ਮੇਰਾ ਹੈ ਬਾਹਾਂ ਸਹਾਰੇ

ਹੈ ਰੋਟੀ ਤਾਂ ਮੈਨੂੰ ਪਸੀਨੇ ਨੇ ਦੇਣੀ
ਵਿਖਾਂਦੇ ਨੇ ਆਗੂ ਤਾਂ ਝੂਠੇ ਨਜ਼ਾਰੇ

ਧਿਆ ਰੱਬ ਨੂੰ ਕੋਮਲ, ਤੂੰ ਪਾਲ ਅਪਣੇ ਬੱਚੇ
ਕਿ ਏਥੇ ਤਾਂ ਅੰਨ੍ਹੇ ਤੇ ਬੋਲੇ ਨੇ ਸਾਰੇ

ਰੱਬ ਤੇ ਧਰਮ ਨਾਲ ਕੋਮਲ ਦਾ ਰਿਸ਼ਤਾ ਗਹਿਰਾ ਹੈ। ਪਰ ਇਹ ਰਿਸ਼ਤਾ ਕਿਸੇ ਤਰਾਂ ਵੀ ਉਸ ਨੂੰ ਪ੍ਰਤੀਕਿਰਿਆਵਾਦੀ ਨਹੀਂ ਬਣਾਉਂਦਾ। ਉਹ ਰੱਬ ਅੱਗੇ ਦੁਆ ਵੀ ਕਰਦਾ ਹੈ। ਉਹ ਆਹਤ ਹੋ ਕੇ ਉਸ ਦੇ ਦਰ ਤੇ ਹੌਸਲਾ ਤੇ ਆਸਰਾ ਲੈਣ ਵੀ ਜਾਂਦਾ ਹੈ ਪਰ ਉਹ ਹੌਸਲਾ ਤੇ ਆਸਰਾ ਲੈ ਕੇ ਫੇਰ ਬਰਾਬਰੀ, ਇਨਸਾਫ਼ ਤੇ ਖ਼ੁਸ਼ਹਾਲੀ ਵਾਸਤੇ ਜੂਝਣ ਲੱਗ ਪੈਂਦਾ ਹੈ ਤੇ ਉਸ ਦੇ ਕਈ ਸ਼ੇਅਰ ਲੇਖਾਂ ਤੇ ਕਿਸਮਤ ਪ੍ਰਤੀ ਤਿੱਖੇ ਪ੍ਰਸ਼ਨ ਵੀ ਪੈਦਾ ਕਰਦੇ ਹਨ। ਉਸ ਦੀ ਹੇਠ ਲਿਖੀ ਗ਼ਜ਼ਲ ਦੇ ਸ਼ੇਅਰ ਉਸ ਦੇ ਦੁੱਖ ਸੰਤਾਪ ਦੀ ਮਾਨਸਿਕ ਸੰਘਰਸ਼ ਦੀ ਤੇ ਉਸ

ਵਿਚੋਂ ਪੈਦਾ ਹੁੰਦੀ ਚੇਤਨਾ ਦੀ ਤਸਵੀਰ ਹਨ :

ਕੁਲ ਪੀ ਲਵੇ ਉਦਾਸੀ, ਗ਼ਮ ਵਿਚ ਸ਼ਰੀਕ ਹੋਵੇ
ਅਪਣਾ ਵੀ ਕੋਈ ਹੋਵੇ, ਜਿਸ ਦੀ ਉਡੀਕ ਹੋਵੇ

ਜੁਰਅਤ ਨਹੀਂ ਸੀ ਤੇਰੀ, ਮੈਨੂੰ ਉਜਾੜ ਦਿੰਦਾ
ਦੇਵੇ ਨਾ ਵਸਣ ਜੇਕਰ ਕਿਸਮਤ ਸ਼ਰੀਕ ਹੋਵੇ

ਤੂੰ ਗੱਲ ਮੁਕਾ ਲਈ ਏ, ਲੇਖਾਂ ਨੂੰ ਦੋਸ਼ ਦੇ ਕੇ
ਸੋਚਾਂ ਦੀ ਵਿਚ ਅਦਾਲਤ ਮੇਰੀ ਤਰੀਕ ਹੋਵੇ

o

ਲੱਗਿਆ ਹਾਂ ਹੁਣ ਮੁਕੱਦਰ, ਮੈਂ ਲਿਖਣ ਅਪਣੇ ਹੱਥੀਂ
ਤੇ ਓਸ ਦੀ ਇਬਾਰਤ ਸੂਰਜ ਪੜ੍ਹੇਗਾ ਕੱਲ੍ਹ ਦਾ।

ਇਹ ਸਤਿਨਾਮ ਸਿੰਘ ਕੋਮਲ ਦਾ ਪਹਿਲਾ ਗ਼ਜ਼ਲ-ਸੰਗ੍ਰਹਿ ਹੈ ਪਰ ਇਸ ਦੀ ਕਲਾਤਮਕ, ਵਿਚਾਰਮਈ ਤੇ ਭਾਵੁਕ ਪਕਿਆਈ ਪ੍ਰਭਾਵਿਤ ਕਰਦੀ ਹੈ ਤੇ ਇਸ ਸਦਕਾ ਅਸੀਂ ਉਸ ਦਾ ਸ਼ੁਮਾਰ ਪੰਜਾਬੀ ਦੇ ਉੱਤਮ ਗ਼ਜ਼ਲਗੋਆਂ ਵਿਚ ਕਰ ਸਕਦੇ ਹਾਂ।

ਅਖ਼ੀਰ ਤੇ ਉਸ ਦੇ ਦੋ ਹੋਰ ਮੁੱਲਵਾਨ ਸ਼ੇਅਰਾਂ ਨਾਲ ਇਸ ਮੁਖਬੰਦ ਦਾ ਅੰਤ ਕਰਨਾ ਚਾਹੁੰਦਾ ਹੈ। ਇਕ ਸ਼ੇਅਰ ਦਾ ਸੰਬੰਧ ਮੋਹ-ਵਿਹੂਣੇ ਗੁਜ਼ਰੇ ਜੀਅ ਨਾਲ ਹੈ :

ਮਰਿਆ ਹੈ ਮੋਹ-ਵਿਹੂਣਾ, ਤਸਵੀਰ ਬਣ ਗਿਆ ਹੈ
ਕਰੇ ਹਾਰ ਪਾ ਕੇ ਦੁਨੀਆ ਸਤਿਕਾਰ ਰਿਸ਼ਤਿਆਂ ਦਾ

ਤੇ ਦੂਜੇ ਸ਼ੇਅਰ ਦਾ ਸੰਬੰਧ ਇਸ ਕਾਵਿ-ਪੁਸਤਕ ਦੇ ਨਾਮ ਨਾਲ ਹੈ :

ਧੁਪ ਸਾਡੇ ਵਿਹੜਿਆਂ ਦੀ, ਮਹਿਲਾਂ ਨੇ ਖਾ ਲਈ ਹੈ
ਅਸਾਂ ਓਸ ਧੁੱਪ ਦੀ ਮੂਰਤ, ਘਰ ਅਪਣੇ ਲਾ ਲਈ ਹੈ।

ਇਹ ਦੋ ਸ਼ੇਅਰ ਦੋ ਮੂਰਤਾਂ ਹਨ। ਏਹੋ ਜਿਹੀਆਂ ਭਾਵਪੂਰਤ ਮੂਰਤਾਂ ਇਸ ਸੰਗ੍ਰਹਿ ਵਿਚ ਤੁਹਾਨੂੰ ਥਾਂ ਥਾਂ ਮਿਲਣਗੀਆਂ। ਇਨ੍ਹਾਂ ਮੂਰਤਾਂ ਨੂੰ ਨਿਹਾਰਦਿਆਂ ਮੈਂ ਅਨੇਕ ਵਾਰੀ ਭਾਵਿਤ ਤੇ ਪ੍ਰਭਾਵਿਤ ਹੋਇਆ ਹਾਂ।

– ਸੁਰਜੀਤ ਪਾਤਰ

ਧੁੱਪ ਦੀ ਮੂਰਤ ਦਾ ਇਤਿਹਾਸ

ਨੌਵੀਂ ਜਮਾਤ ਦਾ ਵਿਦਿਆਰਥੀ ਜੋ ਉਮਰ 13 ਸਾਲ, ਸਮਾਂ ਸੰਨ 64 ਦਾ ਡਰਾਇੰਗ ਮਾਸਟਰ ਸ: ਸੋਹਣ ਸਿੰਘ ਸਵਤੰਤਰ ਦੀ ਪ੍ਰੇਰਨਾ ਨਾਲ ਲਿਖਣ ਵਲ ਰੁਚਿਤ ਹੋਇਆ। ਬਾਲ ਸੰਦੇਸ਼ ਵਿਚ ਇਕ ਸਾਲ ਲਗਾਤਾਰ ਛਪਦਾ ਰਿਹਾ! ਦਸਵੀਂ ਦੇ ਇਮਤਿਹਾਨ ਤੋਂ ਮਹੀਨਾ ਕੁ ਪਹਿਲਾਂ ਹੈਡਮਾਸਟਰ ਮਹਿੰਦਰ ਸਿੰਘ ਹੁਰਾਂ ਕਿਹਾ ਸਤਿਨਾਮ ਹੁਣ ਕਵਿਤਾ ਲਿਖਣੀ ਬੰਦ ਕਰ ਦੇਹ! ਇਮਤਿਹਾਨ ਦੀ ਤਿਆਰੀ ਕਰ! ਪੇਪਰਾਂ ਤੋਂ ਬਾਅਦ ਇਮਤਿਹਾਨ ਦਾ ਨਤੀਜਾ ਮੈਨੂੰ ਤਰਾਈ ਦੇ ਜੰਗਲਾਂ ਵਿਚ ਹਲ ਵਾਹੁੰਦੇ ਨੂੰ ਮਿਲਿਆ!

ਮੈਂ ਆਪਣੇ ਆਪ ਨੂੰ ਮਿੱਟੀ ਵਿਚ ਬੜਾ ਰੋਲਿਆ, ਮੈਂ ਸਿਆੜਾਂ ਵਿਚ ਪਸੀਨਾ ਬੀਜਦਾ ਰਿਹਾ ਪਰ ਫ਼ਸਲ ਮੈਂ ਹੌਕਿਆਂ ਦੀ ਹੀ ਵੱਢਦਾ ਰਿਹਾ। ਦਿਨ ਮੇਰਾ ਖੇਤਾਂ ਲਈ ਸੀ ਰਾਤ ਮੇਰੇ ਆਪਣੇ ਲਈ ਸੀ ਲਿਖਦਾ ਰਿਹਾ। ਪੜ੍ਹਦਾ ਰਿਹਾ ਕਦੇ ਕਦੇ ਛਪਦਾ ਵੀ ਰਿਹਾ। ਮੇਰੀ ਰੀਝ ਸੀ ਕਿ ਮੈਂ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇਵਾਂ, ਭਾਵੇਂ ਪਿਤਾ ਜੀ ਵੀ ਹਾਮੀ ਭਰਦੇ, ਪਰ ਹਰ ਹਾੜ੍ਹੀ ਤੇ ਹਰ ਸੌਣੀ ਸੁੱਕੀ ਲੰਘਦੀ ਰਹੀ। ਤਰਾਈ ਦੇ ਜੰਗਲਾਂ ਵਿਚ ਮੇਰਾ ਬਹੁਤ ਕੁਝ ਗੁਆਚਾ ਵੀ ਤੇ ਮਰਿਆ ਵੀ, ਪਰ ਲਿਖਣ ਦਾ ਸ਼ੌਕ ਜੀਊਂਦਾ ਰਿਹਾ!

ਰੁੱਖਾਂ ਦੇ ਜੰਗਲ ਤੋਂ ਮਨੁੱਖਾਂ ਦੇ ਜੰਗਲ ਵਿਚ ਆਣ ਵੱਸਿਆ ਕਿਉਂਕਿ ਉਸ ਮਿੱਟੀ ਨੇ ਮੇਰੇ ਨਾਲ ਵਫ਼ਾ ਨਾ ਕੀਤੀ, ਰਿਸ਼ਤਿਆਂ ਵਿਚ ਆਈਆਂ ਦਰਾੜਾਂ ਮੈਂ ਭਰ ਨਾ ਸਕਿਆ ਜਿਸ ਦਾ ਅੱਜ ਵੀ ਮੈਨੂੰ ਅਫ਼ਸੋਸ ਹੈ। ਮਨੁੱਖਾਂ ਦੇ ਜੰਗਲ ਵਿਚ 12 ਸਾਲ ਰਹਿਕੇ ਵੀ ਮੈਂ ਕਿਸੇ ਕਲਮ ਵਾਲੇ ਨਾਲ ਸੰਪਰਕ ਨਾ ਕੀਤਾ। ਜੇ ਸਾਥ ਸੀ ਤਾਂ ਉਹ ਸੀ ਵੀਰੇ ਅਜੀਤ ਲਾਇਲ ਦਾ ਜਿਸ ਨਾਲ ਆਪਣੇ ਲਿਖੇ ਬੋਲ ਸਾਂਝੇ ਕਰ ਲੈਂਦਾ ਤੇ ਸੰਤੁਸ਼ਟ ਹੋ ਜਾਂਦਾ।

ਇਕ ਵੇਰ ਮਨ 'ਚ ਆਇਆ ਕਿ ਪਾਤਰ ਸਾਹਿਬ ਨਾਲ ਮੁਲਾਕਾਤ ਕੀਤੀ ਜਾਵੇ। ਸਬੱਬ ਬਣਿਆ, ਇਕ ਜਾਣਕਾਰ ਰਾਹੀਂ ਪਾਤਰ ਸਾਹਬ ਦੇ ਦਰਸ਼ਨ ਕੀਤੇ, ਪਰ ਮੈਂ ਸਾਲ ਕੁ ਉਹਨਾਂ ਨੂੰ ਮਿਲਦਾ ਤਾਂ ਰਿਹਾ ਪਰ ਲਿਖਣ ਦੀ ਗਲ ਦਾ ਹੀਆ ਨਾ ਕਰ ਸਕਿਆ। ਪਰ ਇਕ ਦਿਨ ਹੌਸਲਾ ਕਰ ਕੇ ਮੈਂ ਪਾਤਰ ਸਾਹਿਬ ਅੱਗੇ ਇਕ ਕਾਗ਼ਜ਼ ਕੀਤਾ ਜਿਸ ਤੇ ਇਕ ਗ਼ਜ਼ਲ ਵਰਗੀ ਰਚਨਾ ਸੀ। ਇਹ ਮੈਂ ਇਸ ਲਈ ਲਿਖ ਰਿਹਾਂ ਕਿਉਂਕਿ ਮੈਂ ਗ਼ਜ਼ਲ ਦੀ ਤਕਨੀਕ ਤੋਂ ਬਿਲਕੁਲ ਕੋਰਾ ਸਾਂ। 'ਰੁਲ ਗਈਆਂ ਸਭੇ ਹਸਰਤਾਂ, ਰੋਟੀ ਨੂੰ ਭਾਲ ਦੇਂ! ਸੁਪਨਾ ਗੁਆਚੇ ਵਕਤ ਦੇ ਰਹੇ ਸਾਡੇ ਨਾਲ ਦੇ, ਪਾਤਰ ਸਾਹਿਬ ਹੁਰਾਂ ਉਸਨੂੰ ਗ਼ਜ਼ਲ ਬਣਾ ਦਿੱਤਾ। ਫਿਰ ਇਕ ਦੋ ਮੁਲਾਕਾਤਾਂ ਬਾਅਦ ਜੋ ਅਕਸਰ ਦੋ ਚਾਰ ਮਹੀਨੇ ਬਾਅਦ ਹੀ ਹੁੰਦੀਆਂ ਸੀ। ਮੈਂ ਕੁਝ ਨਾ ਕਹਿ ਸਕਿਆ। ਬੜੀ ਹਿੰਮਤ ਕਰਕੇ ਮੈਂ ਕਿਹਾ 'ਪਾਤਰ ਸਾਹਿਬ

ਮੈਨੂੰ ਆਪਣਾ ਸ਼ਗਿਰਦ ਬਣਾ ਲਉ ਪਰ ਉਹਨਾਂ ਦੇ ਬੋਲ ਸਨ ਸਤਿਨਾਮ ਇਸ ਦੀ ਲੋੜ ਨਹੀਂ ਤੂੰ ਆ ਜਾਇਆ ਕਰ! ਫਿਰ ਉਹਨਾਂ ਨੇ ਮੈਨੂੰ 'ਗ਼ਜ਼ਲ ਕੀ ਹੈ?' ਜਨਾਬ ਦੀਪਕ ਜੈਤੋਈ ਦੀ ਦਿੱਤੀ। ਮੈਂ ਪੜ੍ਹੀ ਉਸ ਅਨੁਸਾਰ ਲਿਖਣ ਲੱਗਾ। ਪਰ ਪਾਤਰ ਸਾਹਿਬ ਨੂੰ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਜਦ ਵੀ ਮੈਂ ਇਸਲਾਹ ਲਈ ਉਹਨਾਂ ਕੋਲ ਜਾਂਦਾ। ਇਸ ਦਾ ਅਹਿਸਾਸ ਮੈਨੂੰ ਅੱਜ ਵੀ ਹੈ। ਲਿਖਦਾ ਰਿਹਾ, ਇਸਲਾਹ ਲੈਂਦਾ ਰਿਹਾ ਤੇ ਛਪਦਾ ਰਿਹਾ। ਮੇਰੇ ਗੀਤਾਂ ਨੂੰ ਪ੍ਰਵਾਨਗੀ ਮਿਲਦੀ ਪਰ ਗ਼ਜ਼ਲ ਤਕਨੀਕ ਵਿਚ ਕਚਿਆਈ ਰਹਿ ਜਾਂਦੀ। ਮੈਂ ਇਕ ਵਾਰ ਪਾਤਰ ਸਾਹਿਬ ਹੁਰਾਂ ਨੂੰ ਕਿਹਾ ਕਿ ਮੇਰਾ ਮਨ ਕਰਦਾ ਹੈ ਕਿ ਗੀਤਾਂ ਤੇ ਗ਼ਜ਼ਲਾਂ ਨੂੰ ਕਿਤਾਬੀ ਰੂਪ ਦਿੱਤਾ ਜਾਵੇ। ਪਰ ਉਹਨਾਂ ਦੇ ਇਹ ਬੋਲ ਚੰਗੇ ਲੱਗੇ ਕਿ 'ਅਜੇ ਕੁੱਝ ਹਲਕਾ ਛਾਪ ਕੇ ਬਾਅਦ ਵਿਚ ਅਫ਼ਸੋਸ ਹੁੰਦਾ ਹੈ। ਮੈਂ ਚੁੱਪ ਧਾਰ ਲਈ, ਲਿਖਦਾ ਮੈਂ ਜ਼ਿਆਦਾ ਨਹੀਂ ਸਾਂ!

2002 ਵਿਚ ਮੇਰਾ ਪੈਰ ਟੁੱਟ ਗਿਆ। ਘਰ ਬਹਿਣਾ ਪੈ ਗਿਆ। ਮੈਂ ਉਸ ਵਕਤ ਨੂੰ, ਰਚਨਾ ਦੇ ਸਮਰਪਿਤ ਕਰ ਦਿੱਤਾ। ਉਸ ਦੌਰਾਨ ਲਿਖੀਆਂ ਗ਼ਜ਼ਲਾਂ ਕੰਪੋਜ਼ ਕਰ ਕੇ ਪਾਤਰ ਸਾਹਿਬ ਦੀ ਨਜ਼ਰ ਕੀਤੀਆਂ ਤਾਂ ਉਹਨਾਂ ਨੇ ਹਾਂ ਕਰ ਦਿੱਤੀ। ਏਸੇ ਦੌਰਾਨ ਸਿਰਜਣਧਾਰਾ ਸਾਹਿੱਤ ਸਭਾ ਨਾਲ ਜੁੜਨ ਨਾਲ ਆਪਣੇ ਆਪ ਦਾ ਪਤਾ ਲੱਗਾ ਕਿ ਮੈਂ ਕਿਥੇ ਖੜ੍ਹਾ ਹਾਂ। ਅਜੀਤ, ਟ੍ਰਿਬਿਊਨ, ਸ਼ਿਲਾਲੇਖ, ਸਿਰਨਾਵਾਂ ਤੇ ਆਰਸੀ, ਗੁਰਮਤਿ ਪ੍ਰਕਾਸ਼, ਸਿੱਖ ਫੁਲਵਾੜੀ, ਸਾਡਾ ਗੌਰਵ, ਸਾਡਾ ਵਿਰਸਾ ਵਿਚ ਵੀ 96 ਤੋਂ ਲੈ ਕੇ ਛਪਦਾ ਰਿਹਾ। 2001 ਵਿਚ 'ਸੰਭਵ' ਸੰਸਥਾ ਵਲੋਂ ਇਕ ਕੈਸਟ 'ਤਸਵੀਰ ਮੇਰੇ ਸ਼ਹਿਰ ਦੀ' ਬਣਾਈ ਗਈ ਜਿਸ ਵਿਚ ਚਾਰ ਗੀਤ ਮੇਰੇ ਸਨ, ਪਾਤਰ ਸਾਹਿਬ ਦਾ ਇਕ ਗੀਤ ਤੇ ਕੁਮੈਂਟਰੀ ਸੀ। ਇਸ ਵਿਚ ਸ਼ਹਿਰੀ ਪ੍ਰਦੂਸ਼ਣ ਦੀ ਗੱਲ ਸੀ! ਜੋ ਹਰ ਸ਼ਹਿਰ ਦੀ ਸੀ। ਇਸ ਨੂੰ ਅਵਾਜ਼ ਦਿੱਤੀ ਸੀ ਦੇਵ ਦਿਲਦਾਰ ਨੇ!

'ਧੁੱਪ ਦੀ ਮੂਰਤ' ਦਾ ਖਾਕਾ ਤਰਾਈ ਦੇ ਜੰਗਲਾਂ ਵਿਚ ਵੀ, ਮੇਰੀਆਂ ਅੱਖਾਂ 'ਚ ਸੁਪਨਾ ਬਣਕੇ ਤਰਦਾ ਰਿਹਾ। ਇਸ ਖਾਕੇ ਵਿਚ ਮੈਂ ਰੰਗ ਭਰੇ ਹਨ, ਅੰਤਿਮ ਛੋਹਾਂ ਪਾਤਰ ਸਾਹਿਬ ਹੁਰਾਂ ਦੀਆਂ ਨੇ। ਤਕਨੀਕੀ ਖਾਮੀਆਂ ਤੋਂ ਇਲਾਵਾ ਜੋ ਲਫ਼ਜ਼ਾਂ ਦੀ ਤਰਤੀਬ ਚੰਗੀ ਲੱਗੇ ਤਾਂ ਤੁਹਾਡੀ ਜ਼ਰਾ ਨਿਵਾਜੀ! ਕੁਝ ਚੁੱਭੇ ਤਾਂ ਅਣਡਿੱਠ ਕਰਨਾ।

ਮੈਂ ਜੋ ਵੀ ਕਿਹੈ, ਅਪਣਾ, ਤੁਹਾਡਾ, ਹਾਕਮਾਂ ਦਾ, ਪ੍ਰਭੂ ਦਾ, ਰਿਸ਼ਤਿਆਂ ਦਾ, ਮਨ ਦੀ ਵੇਦਨਾ ਦਾ, ਹੰਢਾਏ ਸੰਤਾਪਾਂ ਦਾ, ਮੋਏ ਖ਼ਾਬਾਂ ਦਾ ਹੀ ਕਿਹਾ ਹੈ। ਤੁਸੀਂ ਕਿਸੇ ਵੀ ਕੋਨ ਤੋਂ ਸਵੀਕਾਰੋਗੇ, ਮੈਨੂੰ ਖੁਸ਼ੀ ਹੋਵੇਗੀ। ਮੇਰੀ ਚਾਲੀ ਸਾਲ ਦੀ ਉਡੀਕ ਹੈ।

ਆਰਥਿਕ ਸਹਿਯੋਗ ਲਈ ਜਤਿੰਦਰ ਸਿੰਘ ਮਨਚੰਦਾ ਦਾ ਰਿਣੀ ਹਾਂ! ਵੀਰੇ ਅਜੀਤ ਲਾਇਲ ਦਾ ਇਸ ਲਈ ਰਿਣੀ ਹਾਂ ਕਿ ਉਹ ਮੇਰੀ ਹਰ ਰਚਨਾ ਦਾ ਪਹਿਲਾ ਸਰੋਤਾ ਸੀ। ਪਾਤਰ ਸਾਹਿਬ ਦੇ ਧੰਨਵਾਦ ਲਈ ਉਹਨਾਂ ਦੇ ਮੇਚ ਦੇ ਮੇਰੇ ਕੋਲ ਸ਼ਬਦ ਨਹੀਂ ਹਨ। ਜਿਨ੍ਹਾਂ ਦੇ ਕੀਤੇ ਮੋਹ ਸਦਕਾ 'ਧੁੱਪ ਦੀ ਮੂਰਤ' ਤੁਹਾਡੀ ਨਜ਼ਰ ਹੋ ਸਕੀ। ਸ਼ੁਕਰੀਆ!!

ਸਤਿਨਾਮ ਸਿੰਘ ਕੋਮਲ

1

ਹੰਝੂ ਹੀ ਹਰਫ਼ ਬਣ ਕੇ
ਦੇਂਦੇ ਰਹੇ ਗਵਾਹੀ
ਮੰਨੀ ਕਿਸੇ ਨਾ ਐਪਰ
ਇਸ ਦਿਲ ਦੀ ਬੇਗੁਨਾਹੀ।

ਐਂਵੇ ਮੈਂ ਹੱਸ ਬੈਠਾ,
ਤੇ ਉਮਰ ਕੈਦ ਹੋ ਗਈ,
ਆਂਹਦੇ ਨੇ ਇਸ ਚਮਨ ਵਿਚ
ਹੱਸਣ ਦੀ ਸੀ ਮਨਾਹੀ।

ਰੁਲਦੀ ਏ ਰੂਹ ਅਜੇ ਵੀ,
ਖ਼ਾਬਾਂ ਦੇ ਖੰਡਰਾਂ ਵਿਚ
ਹੋਵੇ ਉਹ ਦੱਸ ਤੂੰ ਹੀ,
ਕਿਸ ਦੇਸ਼ ਦੀ ਪਨਾਹੀ।

ਇਸ ਗੋਲੀਆਂ ਦੀ ਰੁੱਤੇ,
ਡਰ ਲਗਦੈ ਹਾਸਿਆਂ ਤੋਂ
ਪੌਣਾਂ ਦੀ ਮੁਖ਼ਬਰੀ ਤੇ
ਲੈ ਜਾਣ ਨਾ ਸਿਪਾਹੀ।

ਆ ਸ਼ੁਭ ਸਵੇਰ ਆਖਣ
ਅਖ਼ਬਾਰਾਂ ਰੱਤ 'ਚ ਭਿੱਜੀਆਂ
ਕਿੰਨਾ ਬੇ ਦਰਦ ਕੋਮਲ,
ਰੋਵੇ ਵਰ੍ਹੇ ਛਿਮਾਹੀ।

2

ਰੁਲ ਗਈਆਂ ਸਭੇ ਹਸਰਤਾਂ,
ਰੋਟੀ ਨੂੰ ਭਾਲਦੇ।
ਸੁਪਨੇ ਗੁਆਚੇ ਵਕਤ ਦੇ
ਨੇ ਸਾਡੇ ਨਾਲ ਦੇ।

ਮਹਿਰਮ ਸੀ ਜੋ ਦਿਲਾਂ ਦੇ,
ਉਹ ਸਮਿਆਂ ਨੇ ਖਾ ਲਏ।
ਲੰਮੀ ਅਸੀਸ ਉਮਰ ਦੀ,
ਨੂੰ ਕੀ ਸੰਭਾਲਦੇ।

ਗੁਮਨਾਮ ਜੇਹੇ ਹਾਂ ਪਏ,
ਕਮਰੇ ਦੀ ਨੁੱਕਰੇ।
ਹੋਈਏ ਗਰੀਟਿੰਗ ਕਾਰਡ,
ਜੀਕੂੰ ਪਿਛਲੇ ਸਾਲ ਦੇ।

ਪੀੜਾ ਮਨੁੱਖਤਾ ਦੀ ਜਾਂ,
ਅਪਣੇ ਹੀ ਦਿਲ ਦਾ ਗ਼ਮ
ਮੈਨੂੰ ਜਵਾਬ ਜਾਪਦੇ,
ਇੱਕੋ ਸਵਾਲ ਦੇ।

ਰੋਂਦੀ ਏ ਅੱਖ ਮਨੁੱਖ ਦੀ,
ਹਿੰਦੂ ਜਾਂ ਸਿੱਖ ਦੀ
ਲਾਰੇ ਦੀ ਲੋਰੀ ਨਾਲ ਨੇ,
ਹਾਕਮ ਸੁਆਲਦੇ।

ਰੁਲਦਾ ਏ ਹੱਕ ਤਾਂ ਜੇਲ੍ਹ ਵਿਚ,
ਫਾਂਸੀ ਤੇ ਚੜ੍ਹਦਾ ਸੱਚ।
ਝੂਠੇ ਨੂੰ ਸੱਚਾ ਆਖਦੇ,
ਹਾਕਮ ਕਮਾਲ ਦੇ।

3

ਨਾ ਸੁਪਨਿਆਂ ਦਾ ਬੂਹਾ, ਨਾ ਹਸਰਤਾਂ ਦੀ ਬਾਰੀ
ਮੈਂ ਖੋਲ਼ੇ ਵਰਗੇ ਤਨ ਦਾ, ਕਿਉਂ ਨਾਂ ਧਰਾਂ ਅਟਾਰੀ।

ਉਹ ਰੋਜ਼ ਜ਼ਿਕਰ ਕਰਦਾ, ਮਹਿਫਲ ਚ, ਦੁਸ਼ਮਣਾਂ ਦਾ
ਉਸ ਨਾਂ ਲਿਆ ਨਾ ਮੇਰਾ, ਭੁੱਲ ਕੇ ਵੀ ਇੱਕ ਵਾਰੀ।

ਜੋਬਨ ਚ ਸੁੱਕ ਜਾਂਦੇ, ਸਭ ਰੁੱਖ ਮੁਹੱਬਤਾਂ ਦੇ,
ਬੰਦੇ ਨੂੰ ਸੜਨਾ ਪੈਂਦਾ, ਧੁੱਪਾਂ ਚ, ਉਮਰ ਸਾਰੀ।

ਦੂਰੀ ਹਜ਼ਾਰ ਕੋਹ ਦੀ, ਹੁਣ ਤੇਰੇ ਆਲ੍ਹਣੇ ਦੀ,
ਬੇਗਾਨਿਆਂ ਪਰਾਂ ਤੇ, ਮਾਰਾਂ ਕਿਵੇਂ ਉਡਾਰੀ।

ਮੈਨੂੰ ਨਜ਼ਰ ਨਾ ਆਉਣੀ, ਤੇਰੀ ਜਵਾਨੀ ਮੁੜ ਕੇ,
ਉਮਰਾਂ ਨੇ ਕਤਰਾ ਕਤਰਾ, ਜੋ ਪੀ ਲਈ ਹੈ ਸਾਰੀ।

ਜੋ ਮਿਲ ਗਿਆ ਹੈ ਤੈਨੂੰ, ਤੇਰੀ ਤਾਂ ਓਹੋ ਮੰਜ਼ਿਲ,
ਕੱਟਦੈ ਉਨੀਂਦੇ ਕੋਮਲ, ਉਸਦਾ ਸਫ਼ਰ ਤਾਂ ਜਾਰੀ।

4

ਉਹ ਖ਼ਿਲਾਅ ਦਾ ਹੈ ਪਰਿੰਦਾ, ਨਾ ਸ਼ਹਿਰ ਨਾ ਗਰਾਂ ਦਾ,
ਜਿਸ ਪੀ ਲਿਆ ਹੈ ਪਾਣੀ, ਏਨ੍ਹਾਂ ਇਸ਼ਕ ਦੇ ਸਰਾਂ ਦਾ।

ਉਹ ਵਗਦੇ ਅੱਥਰੂਆਂ ਨੂੰ, ਕਹੇ ਦਾਨ ਮੋਤੀਆਂ ਦਾ,
ਤੇਰੀ ਬੇਰੁਖੀ ਨੇ ਕੀਤਾ ਉਦ੍ਹਾ ਹਾਲ ਇਸ ਤਰ੍ਹਾਂ ਦਾ।

ਬੀਵੀ ਉਡੀਕੇ ਸੌਦਾ, ਖ਼ਬਰਾਂ ਚ, ਮਸਤ ਮੀਆਂ,
ਬੱਚਿਆਂ ਨੂੰ ਟੀ.ਵੀ. ਪਿਆਰਾ ਇਹ ਹਾਲ ਹੈ ਘਰਾਂ ਦਾ।

ਤੇਰਾ ਕੰਮ ਕਰਨ ਬਦਲੇ ਬਣਦਾ ਜੋ ਹੱਕ ਉਨ੍ਹਾਂ ਦਾ,
ਰੱਖ ਦੇ ਦਰਾਜ਼ ਦੇ ਵਿਚ ਸਰਕਾਰੀ ਅਫਸਰਾਂ ਦਾ।

ਉਹ ਲਿਖੀ 'ਗਰੀਬ' ਫਿਰਦਾ, ਹੈ ਅਪਣੀ ਕਾਰ ਪਿਛੇ,
ਅਹਿਸਾਸ ਉਸਨੂੰ ਕੀ ਹੈ ਸਾਡੇ ਢੱਠਿਆਂ ਦਰਾਂ ਦਾ।

ਪਏ ਜਿਸਮ ਰੋਸਟ ਹੁੰਦੇ, ਹੁਣ ਮੁਰਗਿਆਂ ਦੀ ਥਾਂਵੇ,
ਤੂੰ ਗ਼ਜ਼ਲ ਲਿਖੀ ਜਾ ਕੋਮਲ, ਇਹ ਕੰਮ ਮੁਖ਼ਬਰਾਂ ਦਾ।

5

ਧੁਪ ਸਾਡੇ ਵਿਹੜਿਆਂ ਦੀ, ਮਹਿਲਾਂ ਨੇ ਖਾ ਲਈ ਹੈ,
ਅਸਾਂ ਓਸ ਧੁੱਪ ਦੀ ਮੂਰਤ, ਘਰ ਅਪਣੇ ਲਾ ਲਈ ਹੈ।

ਛੋਹਾਂ ਨੂੰ ਤਰਸੇ ਸਰਦਲ, ਤੇ ਉਡੀਕਦੇ ਨੇ ਬੂਹੇ,
ਅਪਣੇ ਹੀ ਜਿਸਮ ਵਿਚੋਂ ਓਹਦੀ ਮਹਿਕ ਪਾ ਲਈ ਹੈ।

ਉਸਦੀ ਫਿਰੀ ਨਜ਼ਰ ਤੋਂ, ਤੇ ਰੁੱਖੇ ਹਾਸਿਆਂ ਤੋਂ,
ਲਗਦਾ ਏ ਓਸ ਸਾਡੀ, ਯਾਰੀ ਹੰਢਾ ਲਈ ਹੈ।

ਮਾਰਨ ਲਈ ਉਹ ਸਾਨੂੰ, ਯਾਦਾਂ ਦੇ ਤੀਰ ਵਰਤੇ,
ਇਹ ਆਸਰਾ ਕਲਮ ਦਾ, ਅਪਣੇ ਬਚਾਅ ਲਈ ਹੈ।

ਈਮਾਨ ਉਸਦਾ ਦੌਲਤ, ਤੇ ਸ਼ੁਗਲ ਦਿਲਾਂ ਦੀ ਹੇਠੀ,
ਸਾਡੀ ਤਾਂ ਉਮਰ ਸਾਰੀ, ਬਸ ਉਸ ਦੇ ਚਾਅ ਲਈ ਹੈ।

ਜੋਬਨ ਤੋਂ ਲੁੱਟ ਲਏ ਨੇ, ਮਹਿਕਾਂ ਤੇ ਰੰਗ ਉਸਨੇ,
ਹਰ ਸ਼ੈਅ ਬਿਗਾਨੀ ਕੋਮਲ, ਅਪਣੀ ਬਣਾ ਲਈ ਹੈ।

6

ਮੇਰੀ ਰਾਤ ਦੀ ਇਹ ਹੋਣੀ, ਤੇ ਨਸੀਬ ਮੇਰੇ ਦਿਨ ਦਾ,
ਸਾਹਾਂ ਦੀ ਉਮਰ ਮੁੱਕੀ, ਸਾਥੀ ਹਾਂ ਪਲ ਜਾਂ ਛਿਨ ਦਾ।

ਉਸਨੇ ਬਣਾਉਣਾ ਏਥੇ ਹਉਮੈ ਦਾ ਮਹਿਲ ਅਪਣਾ,
ਤਾਂ ਹੀ ਤਾਂ ਮੇਰੇ ਹਾਸੇ, ਨੀਹਾਂ ਦੇ ਵਿਚ ਹੈ ਚਿਣਦਾ।

ਮੇਰੇ ਮੁੱਕ ਜਾਣ ਦੀ ਤਾਂ, ਉਸਨੂੰ ਉਮੀਦ ਜਲਦੀ,
ਏਥੇ ਭੁਲੇਖਾ ਖਾਵੇ, ਅਪਣੇ ਵਰ੍ਹੇ ਨਈਂ ਮਿਣਦਾ।

ਉਹਦੇ ਹਾਸਿਆਂ ਦੀ ਛੋਹ ਨੂੰ, ਤਰਸਣ ਇਹ ਨੈਣ ਭੋਲੇ,
ਅਪਣੀ ਮੈਂ ਹਰ ਖੁਸ਼ੀ ਨੂੰ, ਉਹਦੇ ਹਾਸਿਆਂ 'ਨਾ ਮਿਣਦਾ।

ਮੈਂ ਬਹੁਤ ਵਖ਼ਤ ਵੇਖੇ, ਥੋੜ੍ਹੇ ਹੀ ਵਕਤ ਅੰਦਰ,
ਰੱਖਿਆ ਮੇਰੀ ਕਲਮ ਨੇ ਹੈ ਹਿਸਾਬ ਇਕ ਇਕ ਦਿਨ ਦਾ।

ਭੁੱਲ ਗਈਆਂ ਸੱਭੇ ਗਲੀਆਂ ਤੇ ਪਿੰਡ ਦੇ ਸਾਰੇ ਰਸਤੇ,
ਕੋਮਲ ਹੈ ਅੱਜ ਵੀ ਚੇਤਾ, ਪਰ ਉਹਦੀ ਗੱਲ੍ਹ ਦੇ ਤਿਣ ਦਾ।

7

ਕੀਮਤਾਂ ਮੁੜ੍ਹਕੇ ਦੀਆਂ, ਮੈਨੂੰ ਜੋ ਤੈਥੋਂ ਮਿਲਦੀਆਂ,
ਕਰਦੀਆਂ ਨਾ ਪੂਰੀਆਂ, ਰੀਝਾਂ ਇਹ ਮੇਰੇ ਦਿਲ ਦੀਆਂ।

ਕੱਜਦੀਆਂ ਨਾ ਤਨ ਮੇਰਾ, ਨਾ ਭਰਦੀਆਂ ਨੇ ਪੇਟ ਹੀ,
ਨਾ ਹੀ ਮਲ੍ਹਮਾਂ ਬਣਦੀਆਂ, ਬਿਰਹੋਂ ਦੇ ਖੁੱਭੇ ਕਿੱਲ ਦੀਆਂ।

ਪੀਤੀ ਰੱਤ ਮੁਸ਼ੱਕਤਾਂ, ਖਾ ਲਈ ਜਵਾਨੀ ਏਸ ਨੇ,
ਤਾਂ ਹੀ ਹੋਈਆਂ ਵੱਡੀਆਂ, ਉਮਰਾਂ ਨੇ ਤੇਰੀ ਮਿੱਲ ਦੀਆਂ।

ਲੰਘਿਆ ਹੈ ਵਜ਼ੀਰ ਇਕ, ਜਿਪਸੀ ਤੇ ਤੋਪਾਂ ਬੀੜ ਕੇ,
ਕੰਧਾਂ ਮੇਰੇ ਘਰ ਦੀਆਂ, ਨੇ ਹਾਲੇ ਤੀਕਰ ਹਿਲਦੀਆਂ।

ਬਿਜਲੀ ਪਾਣੀ ਫੋਨ ਦੇ, ਰਾਸ਼ਨ ਅਤੇ ਅਖ਼ਬਾਰ ਦੇ,
ਮੈਂ ਕਰਾਂਗਾ ਅਦਾਇਗੀਆਂ, ਹੁਣ ਕਿਹੜੇ ਕਿਹੜੇ ਬਿੱਲ ਦੀਆਂ।

ਬਹਿ ਲੁਕਾਵਾਂ ਆਹਲਣੇ, ਅਪਣੇ ਪਰਾਂ ਵਿਚ, ਬੋਟ ਮੈਂ,
ਖਾ ਨਾ ਜਾਵਣ ਨਜ਼ਰਾਂ ਕੋਮਲ, ਬਦ-ਸਮੇਂ ਦੀ ਇੱਲ ਦੀਆਂ।

8

ਪਛਤਾਵਾ ਹੋ ਗਿਆ ਕਿਉਂ, ਇਕਰਾਰ ਰਿਸ਼ਤਿਆਂ ਦਾ,
ਲਗਦਾ ਹੈ ਏਸ ਉਮਰੇ, ਕਿਉਂ ਭਾਰ ਰਿਸ਼ਤਿਆਂ ਦਾ।

ਦੱਸੇ ਨਿਸ਼ਾਨ ਮੰਜ਼ਿਲ ਦਾ ਮੈਨੂੰ ਪੈੜ ਤੇਰੀ,
ਮੁੜਕੇ ਯਕੀਨ ਬਣਿਆ, ਇਕ ਵਾਰ ਰਿਸ਼ਤਿਆਂ ਦਾ।

ਮਰਿਆ ਹੈ ਮੋਹ ਵਿਹੂਣਾ, ਤਸਵੀਰ ਬਣ ਗਿਆ ਹੈ,
ਕਰੇ ਹਾਰ ਪਾ ਕੇ ਦੁਨੀਆਂ, ਸਤਿਕਾਰ ਰਿਸ਼ਤਿਆਂ ਦਾ।

ਜੁ ਮੁਕਾਇਆਂ ਵੀ ਨਾ ਮੁਕਦੇ, ਜਾਂਦੇ ਨੇ ਹੋ ਸਦੀਵੀ,
ਰੱਖਿਆ ਏ ਨਾਂ ਮੁਹੱਬਤ, ਵਲਦਾਰ ਰਿਸ਼ਤਿਆਂ ਦਾ।

ਮਹਿਫਲ ਚ, ਮਾੜਾ ਕਹਿ ਲਏ, ਬੇਸ਼ਕ ਉਹ ਲੱਖ ਵਾਰੀ,
ਭੁੱਲੇ ਨਾ ਘਰ ਚ, ਆਕੇ, ਉਹ ਪਿਆਰ ਰਿਸ਼ਤਿਆਂ ਦਾ।

ਛਾਂਗੇ ਬਜ਼ੁਰਗ ਰੁੱਖਾਂ ਦੇ, ਪੱਤ ਪੁੱਤਾਂ ਵਰਗੇ,
ਕਰ ਦੇਂਦੀ ਘਾਣ ਕੋਮਲ, ਸਰਕਾਰ ਰਿਸ਼ਤਿਆਂ ਦਾ।

9

ਨਹੀਂ ਕੁਝ ਭਾਲਿਆਂ ਮਿਲਿਆ, ਤੇਰੇ ਚੋਂ ਦੋਸਤੀ ਵਰਗਾ,
ਕਦੀ ਮਿਲਿਆ ਜੋ ਨਿਘ ਮਾਸਾ, ਤਾਂ ਨੀਰਸ ਜ਼ਿੰਦਗੀ ਵਰਗਾ।

ਕਿਤੇ ਲਾਉਂਦੇ ਨੇ ਨਿਹੁੰ ਜਿਹੜੇ, ਉਹ ਨਿਭਦੇ ਨਾਲ ਸਾਹਾਂ ਦੇ,
ਤੁਸਾਂ ਤਾਂ ਪਿਆਰ ਵੀ ਕੀਤਾ, ਏ ਸਾਨੂੰ ਦਿਲਲਗੀ ਵਰਗਾ।

ਅਸੀਂ ਤਾਂ ਪਿਆਰ ਕੀਤਾ ਸੀ, ਤੁਸਾਂ ਵਿਉਪਾਰ ਕੀਤਾ ਹੈ,
ਤੁਸਾਂ ਤਾਂ ਕਰ ਲਿਆ ਆਪੇ ਹੈ ਜੇਰਾ ਖ਼ੁਦਕੁਸ਼ੀ ਵਰਗਾ।

ਤੇਰੇ ਬੋਲਾਂ ਚ, ਹੈ ਅਜ ਕਲ, ਬਹੁਤ ਮਗਰੂਰੀਆਂ ਦੀ ਬੂ,
ਤੇਰਾ ਹੱਸਣਾ ਹੈ ਸਾਡੇ ਹਾਲ ਤੇ, ਸ਼ਰਮਿੰਦਗੀ ਵਰਗਾ।

ਨਿਰਾਸ਼ੀ ਪੌਣ ਦੇ ਬੁੱਲੇ ਨੇ ਸਾਡਾ ਚੈਨ ਲੁੱਟਿਆ ਹੈ,
ਹ ਦਿੱਤਾ ਪਿਆਰ ਪੌਣਾਂ ਨੂੰ ਅਸੀਂ ਤਾਂ ਜ਼ਿੰਦਗੀ ਵਰਗਾ।

ਤੁਸੀ ਦੁਨੀਆਂ 'ਚ ਘੁੰਮ ਆਓ ਅਤੇ ਅਜ਼ਮਾ ਲਓ ਰਿਸ਼ਤੇ,
ਕਿਤੇ ਮਿਲਣਾ ਨਾ ਨਿੱਘ ਕੋਮਲ, ਮੇਰੀ ਗਲਵੱਕੜੀ ਵਰਗਾ।

10

ਲਾਈ ਸੀ ਤਾਂ ਨਿਭਾਂਦਾ, ਗੱਲ ਮੇਰੇ ਦਿਲ ਦੀ ਕਰਦਾ,
ਫਿਰ ਏਸ ਚੁੱਪ ਨਾ ਹੋਣਾ, ਸੀ ਨਸੀਬ ਮੇਰੇ ਘਰ ਦਾ।

ਇਹ ਚੁੱਪ ਦੀਆਂ ਦੀਵਾਰਾਂ, ਛੱਤਾਂ ਤੇ ਫਰਸ਼ ਚੁੱਪ ਦੇ,
ਬੂਹੇ ਤੋਂ ਮੁੜਦਾ ਚਾਨਣ, ਇਸ ਚੁੱਪ ਕੋਲੋਂ ਡਰਦਾ।

ਕਿਉਂ ਮੇਰੇ ਹਾਸਿਆਂ ਨਾ, ਇਸ ਚੁੱਪ ਦੀ ਦੁਸ਼ਮਣੀ ਹੈ,
ਕਰਦੀ ਹੈ ਜਾਣ ਕੇ ਹੀ, ਮੇਰੀ ਹਰ ਖੁਸ਼ੀ ਨਾ ਪਰਦਾ।

ਮੇਰਾ ਤੇ ਚੁੱਪ ਦਾ ਰਿਸ਼ਤਾ, ਓਦੋਂ ਹੀ ਖਬਰੇ ਬਣਿਆ,
ਸੁਣਿਆਂ ਜਦੋਂ ਇਹ ਬੰਦਾ, ਜੋਬਨ ਚ, ਪੈਰ ਧਰਦਾ।

ਲਫਜ਼ਾਂ ਦੇ ਸੀਨੇ ਲੱਗ ਕੇ, ਰੋਂਦਾ ਸਵੇਰ ਸ਼ਾਮੀ,
ਦਿਲ ਵਿੰਨ੍ਹਿਆ ਜੁ ਹੋਇਐ, ਤੇਰੀ ਬੇਵਫਾ ਨਜ਼ਰ ਦਾ।

ਹੈ ਚੁੱਪ ਮੇਰਾ ਹਉਕਾ, ਹੈ ਚੁੱਪ ਨਮ ਨਜ਼ਰ ਦੀ,
ਖੁਦ ਵੀ ਹੈ ਚੁੱਪ ਕੋਮਲ, ਬੱਸ ਗੱਲ ਤਾਂ ਸ਼ੇਅਰ ਕਰਦਾ।

11

ਮੇਰਾ ਧਰਮ ਦੋਸਤੀ ਹੈ, ਈਮਾਨ ਦੋਸਤੀ ਹੈ
ਸਿਰ ਮੇਰੇ ਜ਼ਿੰਦਗੀ ਦਾ, ਅਹਿਸਾਨ ਦੋਸਤੀ ਹੈ

ਹੈ ਜੀਣ ਦਾ ਵਸੀਲਾ ਇਕਰਾਰ ਦੋਸਤੀ ਹੈ
ਮੇਰੇ ਮੁੱਕ ਜਾਣ ਮਗਰੋਂ, ਇਹ ਨਿਸ਼ਾਨ ਦੋਸਤੀ ਹੈ

ਲੈ ਜਾਣਗੇ ਸਿਵੇ ਤੱਕ, ਮੈਨੂੰ ਦੋਸਤਾਂ ਦੇ ਮੋਢੇ
ਹੁਣ ਜੀਂਦਿਆਂ ਵੀ, ਮੇਰੀ ਇਹ ਸ਼ਾਨ ਦੋਸਤੀ ਹੈ

ਸਾਹਾਂ ਦਾ ਫਿਕਰ ਬਹੁਤਾ, ਕੀਤਾ ਨਹੀਂ ਮੈਂ ਭੁਲ ਕੇ
ਮੇਰੀ ਜਿੰਦ ਦੋਸਤੀ ਹੈ ਮੇਰੀ ਜਾਨ ਦੋਸਤੀ ਹੈ

ਮੈਂ ਫੋਲ ਫੋਲ ਮਿੱਟੀ, ਮਿੱਟੀ ਹੀ ਹੋ ਗਿਆ ਸਾਂ
ਬੁੱਲ੍ਹਾਂ ਤੇ ਫਸਲ ਉੱਗੀ, ਮੁਸਕਾਨ ਦੋਸਤੀ ਹੈ

ਅਹਿਸਾਸ ਫਰਜ਼ ਦਾ ਜਦ, ਧੋਖੇ ਤੋਂ ਵਰਜਦਾ ਹੈ
ਜੋ ਬਖਸ਼ਦੀ ਹੈ ਚੁੱਪ ਨੂੰ ਉਹ ਜ਼ੁਬਾਨ ਦੋਸਤੀ ਹੈ

ਜੁ ਦੁਆਵਾਂ ਦੋਸਤ ਦਿੰਦੇ, ਇਕ ਜਨਮ ਲਈ ਨੇ ਕਾਫੀ
ਖੁਸ਼ੀਆਂ ਤੇ ਬਰਕਤਾਂ ਦਾ ਕਰੇ ਦਾਨ ਦੋਸਤੀ ਹੈ

ਇਹ ਨਾ ਸਮੇਂ ਦਾ ਜੇਰਾ ਤੇਰੇ ਚਿਹਰੇ ਉੱਤੋ ਕੋਮਲ
ਕਿ ਉਹ ਲਿਖ ਦਏ ਬਜ਼ੁਰਗੀ, ਜੇ ਜਵਾਨ ਦੋਸਤੀ ਹੈ

12

ਕਿੰਨਾ ਹੈ ਰਸ਼ਕ ਉਸਨੂੰ, ਅਪਣੇ ਨਸੀਬ ਉੱਤੇ,
ਰਾਹ ਸੱਜਣਾਂ ਦਾ ਵੇਖੇ, ਚੜ੍ਹ ਕੇ ਸਲੀਬ ਉੱਤੇ।

ਉਹਦੀ ਆਸ ਤੇ ਮੁਕਾਏ, ਉਮਰਾਂ ਦੇ ਲੰਮੇ ਪੈਂਡੇ,
ਨੁਸਖ਼ਾ ਮਿਲਣ ਦਾ ਦੇਵੇ, ਤਕੀਆ ਤਬੀਬ ਉੱਤੇ।

ਸੂਰਤ ਤਾਂ ਉਸਦੀ ਸੋਹਣੀ, ਉਸਦਾ ਅਜ਼ੀਮ ਵਿਰਸਾ,
ਅਫਸੋਸ ਹੈ ਬਹੁਤ ਪਰ, ਸੀਰਤ ਅਜੀਬ ਉੱਤੇ।

ਮੰਗਦੇ ਨੇ ਖੈਰ ਚੁੱਪ ਦੀ, ਜੇ ਅਪਣਿਆਂ ਦੇ ਹਾਸੇ,
ਤਾਂ ਫਿਰ ਗਿਲਾ ਕੀ ਕਰਨਾ, ਸੱਜਣਾ ਰਕੀਬ ਉੱਤੇ।

ਮੁੱਕਰ ਗਿਆ ਉਹ ਮੇਰੀ, ਅਰਥੀ ਨੂੰ ਦੇਣੋਂ ਮੋਢਾ,
ਅਹਿਸਾਨ ਕਰ ਹੀ ਦੇਂਦਾ, ਮੁੱਕ ਗਏ ਗਰੀਬ ਉੱਤੇ।

ਜੇ ਪਰਤਣਾਂ ਸੀ ਔਖਾ, ਵਿਹੜੇ ਚੋਂ ਤੁਰ ਗਿਆਂ ਦਾ,
ਤੇ ਰੁਲਣ ਦੀ ਸੀ ਮਰਜੀ, ਕਿਉਂ ਗਿਲਾ ਨਸੀਬ ਉੱਤੇ।

ਝੋਲੀ ਭਰੀ ਹੈ ਦੌਲਤ, ਮਾਯੂਸੀਆਂ ਦੀ ਕੋਮਲ,
ਹੈ ਮਿਹਰਬਾਨ ਕੁਦਰਤ, ਕਿੰਨੀ ਅਦੀਬ ਉੱਤੇ।

13

ਰਹੇ ਰੰਗ ਨਾ ਵਫ਼ਾ ਦੇ ਉਮਰਾ ਦਾ ਕੀ ਕਰਾਂਗਾ,
ਮੁਕ ਚੁੱਕੇ ਰਿਸ਼ਤਿਆਂ ਦਾ, ਦਸ ਨਾਮ ਕੀ ਧਰਾਂਗਾ।

ਬੁੱਲ੍ਹਾਂ ਦੇ ਉੱਤੇ ਚੁੱਪ ਹੈ, ਨੈਣਾਂ ਚ, ਵੀ ਖਮੋਸ਼ੀ,
ਮੈਂ ਕਹਿਰ ਅਪਣੇ ਦਿਲ ਤੇ, ਹੁਣ ਹੱਸ ਕੇ ਜਰਾਂਗਾ।

ਬਣ ਗਈ ਗੁਨਾਹ ਮੁਹੱਬਤ, ਤੇ ਜੀਣ ਦੀ ਸਜ਼ਾ ਹੈ,
ਇਹ ਨਿਆਂ ਜੇ ਇਸ਼ਕ ਦਾ ਹੈ, ਰਿੱਟ ਕਿਸ ਜਗ੍ਹਾ ਕਰਾਂਗਾ।

ਕੋਈ ਵਸ ਕੇ ਦਿਲ ਦੇ ਅੰਦਰ, ਹੈ ਗਿਆ ਉਜਾੜ ਜਾਂਦਾ,
ਜੀਵਾਂ ਇਕੱਲ ਅਪਣੀ, ਹਰ ਸਾਥ ਤੋਂ ਡਰਾਂਗਾ।

ਗ਼ਜ਼ਲਾਂ ਦੇ ਫੁੱਲ ਲਗਦੇ, ਨੇ ਉਦਾਸ ਮੌਸਮਾਂ ਨੂੰ,
ਰੰਗ ਤੇਰੇ ਹਿਜਰ ਦੇ ਮੈਂ, ਇਹਨਾਂ ਚ, ਹੁਣ ਭਰਾਂਗਾ।

ਹੈ ਬਣੀ ਉਡੀਕ ਉਮਰਾਂ, ਤੂੰ ਪਰਤ ਕੇ ਨਾ ਤਕਿਆ,
ਹੋਣਾ ਨਾ ਸਾਥ ਤੇਰਾ, ਅੰਤਮ ਸਫਰ ਕਰਾਂਗਾ।

ਮਿਰੀ ਰਾਤ ਦਾ ਮੁਕੱਦਰ, ਨਾ ਸਵੇਰ ਸੋਨੇ ਰੰਗੀ,
ਰਾਤ ਆਪਣੀ ਦਾ ਕੋਮਲ, ਮੈਂ ਨਾਮ ਦਿਨ ਧਰਾਂਗਾ।

14

ਮੈਂ ਲਹਿਰਾਂ ਦਾ ਹੋਇਆ ਹਾਂ ਛੱਡ ਕੇ ਕਿਨਾਰੇ,
ਇਹ ਜੀਵਨ ਤਾਂ ਮੇਰਾ ਹੈ ਬਾਹਾਂ ਸਹਾਰੇ।

ਹੈ ਰੋਟੀ ਤਾਂ ਮੈਨੂੰ ਪਸੀਨੇ ਨੇ ਦੇਣੀ,
ਵਿਖਾਂਦੇ ਨੇ ਆਗੂ ਤਾਂ ਝੂਠੇ ਨਜ਼ਾਰੇ।

ਹੈ ਅਮਨਾਂ ਨੂੰ ਖਤਰਾ ਬੜਾ ਫਿਕਰ ਸਾਨੂੰ,
ਖੜੋ ਉੱਚੀ ਥਾਂ ਉੱਤੇ, ਬੋਲਣ ਬੁਲਾਰੇ।

ਨਹੀਂ ਦੇਸ਼ ਦਾ ਕੋਈ, ਕੁਰਸੀ ਤੇ ਨਜਰਾਂ,
ਤਦੇ ਹੱਥੋ ਪਾਈ ਸਭਾ ਵਿਚ ਨੇ ਸਾਰੇ।

ਕਿਸੇ ਕੋਲੋਂ ਖੋਂਹਦੇ, ਕਿਸੇ ਤਾਈਂ ਦੇਂਦੇ,
ਇਹ ਢਾਉਂਦੇ ਨੇ ਕੁੱਲੀਆਂ, ਬਣਾਉਂਦੇ ਚੁਬਾਰੇ।

ਜ਼ਮੀਰਾਂ ਤੇ ਈਮਾਨ ਸਭ ਕੁਝ ਵਿਕਾਊ,
ਅਟੈਚੀ ਦਿਓਗੇ ਜੇ, ਕਿੰਨੇ ਕੁ ਭਾਰੇ।

ਧਿਆ ਰੱਬ ਨੂੰ ਕੋਮਲ, ਤੇ ਪਾਲ ਅਪਣੇ ਬੱਚੇ,
ਕਿ ਏਥੇ ਤਾਂ ਅੰਨ੍ਹੇ ਤੇ ਬੋਲੇ ਨੇ ਸਾਰੇ।

15

ਗਿਆ ਲੈ ਤਪਸ਼ ਜਿਸਮਾਂ ਦੀ, ਉਹ ਸੂਰਜ ਉਮਰ ਦਾ ਢਲਕੇ,
ਮਿਲੇਗਾ ਨਿੱਘ ਉਸਦਾ ਹੁਣ, ਸਿਵੇ ਦੀ ਅਗਨ ਵਿਚ ਬਲਕੇ।

ਜੁ ਪੱਲੇ ਸੀ ਮਿਰੇ ਖ਼ੁਸ਼ਬੂ, ਉਹ ਬੁੱਕ ਭਰ ਭਰ ਕੇ ਵੰਡੀ ਹੈ,
ਕਿ ਦਿਨ ਉਹ ਫੇਰ ਪਰਤਣਗੇ, ਖਿੜਾਂਗਾ ਖ਼ਾਕ ਵਿਚ ਰਲਕੇ।

ਜੇ ਸਾਨੂੰ ਜਿੰਦਗੀ ਦੇ ਕੇ ਤੂੰ ਆਪੂੰ ਮੁੱਕ ਜਾਣਾ ਸੀ,
ਅਸੀਂ ਫਿਰ ਕਿਸ ਤਰਾਂ ਵਾਹੁੰਦੇ, ਰਹਿਲ ਇਹ ਉਮਰ ਦੀ ਵਲ਼ ਕੇ।

ਸੀ ਦੌਲਤ ਬਹੁਤ ਦਰਦਾਂ ਦੀ ਰਲੀ ਵਿਚ ਪੀੜ ਤੇਰੀ ਵੀ,
ਇਹ ਜੰਗਲ ਬੰਦਿਆਂ ਦਾ, ਛਡ ਜਾ ਹੁਣ ਤੂੰ ਵੀ ਸਵਾਹ ਮਲ ਕੇ।

ਕੁਸੈਲਾ ਮੂੰਹ ਹਨੇਰੇ ਦਾ, ਜੇ ਸੁਣ ਬੋਲੀ ਚਿਰਾਗਾਂ ਦੀ,
ਅਜੇ ਮੁਸਕਾਨ ਬਣਨਾ ਹੈ, ਅਸਾਡੇ ਹੌਕਿਆਂ ਬਲਕੇ।

ਤੁਰੇ ਰਸਤੇ ਸ਼ਹੀਦੀ ਦੇ, ਰਹੇ ਨਿਰਦੋਸ਼ ਕਈ ਮਰਦੇ,
ਕਿ ਇਹ ਕੱਲ੍ਹ ਬੀਤਿਆ ਹੋਇਆ, ਨਾ ਉਗ ਆਵੇ ਕਿਤੇ ਭਲਕੇ।

16

ਕੁਲ ਪੀ ਲਏ ਉਦਾਸੀ, ਗ਼ਮ ਵਿਚ ਸ਼ਰੀਕ ਹੋਵੇ,
ਅਪਣਾ ਵੀ ਕੋਈ ਹੋਵੇ, ਜਿਸ ਦੀ ਉਡੀਕ ਹੋਵੇ।

ਜੁਰਅਤ ਨਹੀਂ ਸੀ ਤੇਰੀ, ਮੈਨੂੰ ਉਜਾੜ ਦਿੰਦਾ,
ਦੇਵੇ ਨਾ ਵਸਣ ਜੇਕਰ ਕਿਸਮਤ ਸ਼ਰੀਕ ਹੋਵੇ।

ਤੂੰ ਗਲ ਮੁਕਾ ਲਈ ਏ, ਲੇਖਾਂ ਨੂੰ ਦੋਸ਼ ਦੇ ਕੇ,
ਸੋਚਾਂ ਦੀ ਨਿਤ ਅਦਾਲਤ ਮੇਰੀ ਤਰੀਕ ਹੋਵੇ।

ਇਸ ਰਾਤ ਦੇ ਸਿਤਮ ਨੂੰ ਮੈਂ ਹੱਸ ਕੇ ਜਰ ਲਵਾਂਗਾ,
ਇਸ ਸ਼ਰਤ ਤੇ ਕਿ ਉਹ ਵੀ, ਚਾਨਣ ਦੀ ਲੀਕ ਹੋਵੇ।

ਇਹ ਜਸ਼ਨ, ਰੌਣਕਾਂ ਇਹ ਤੇਰੇ ਲਈ ਮੁਬਾਰਕ
ਸ਼ਹਿਨਾਈ ਵਜਦੀ ਸ਼ਾਇਦ ਕਿਸੇ ਦਿਲ ਦੀ ਚੀਕ ਹੋਵੇ

ਤੂੰ ਤਾਂ ਨਜ਼ਾਮ ਰੱਬ ਦਾ, ਨਾ ਸਮਝ ਸਕਿਓਂ ਬੰਦਿਆ,
ਤੇਰਾ ਠੀਕ ਗਲਤ ਹੋਵੇ, ਓਹਦਾ ਗਲਤ ਠੀਕ ਹੋਵੇ।

ਤੂੰ ਤਾਂ ਵਿਸਾਰ ਦਿੱਤਾ, ਹੁਣ ਚੇਤਿਆਂ ਚੋਂ ਕੋਮਲ,
ਪਰ ਅਪਣਾ ਰਿਸ਼ਤਾ, ਖੌਰੇ ਸਿਵਿਆਂ ਦੇ ਤੀਕ ਹੋਵੇ।

17

ਦੇਂਦਾ ਖ਼ਬਰ ਕੀ ਅਪਣੀ ਪੁਛਦਾ ਕੀ ਹਾਲ ਤੇਰਾ।
ਹਰ ਸ਼ਾਮ ਜਿਸ ਦੀ ਸੋਗੀ, ਤੇ ਉਦਾਸ ਹਰ ਸਵੇਰਾ।

ਮੇਰੀ ਗਲੀ ਚ, ਯਾਰੋ ਨੇ ਬੱਤੀਆਂ ਤੇ ਪਹਿਰੇ,
ਕਰਦਾ ਹੈ ਘਰ ਦੀ ਰਾਖੀ, ਇਕ ਜਾਗਦਾ ਹਨੇਰਾ।

ਵਿਚਰਾਂ ਮੈਂ ਜਿਸ ਵੀ ਮਹਿਫਲ, ਕਿਉਂ ਉਂਗਲਾਂ ਉਠਦੀਆਂ ਨੇ,
ਮੇਰੇ ਖ਼ੂਨ ਵਿਚ, ਵਫਾ ਹੈ, ਏਨਾ ਕਸੂਰ ਮੇਰਾ।

ਏਨੇ ਉਦਾਸ ਹੋ ਗਏ, ਹੁਣ ਜ਼ਿੰਦਗੀ ਦੇ ਪੈਂਡੇ,
ਨਾ ਛਾਂ ਹੀ ਕੋਈ ਅਪਣੀ, ਨਾ ਰੈਣ ਲਈ ਬਸੇਰਾ।

ਇਸ ਹੱਸਦੇ ਸਮੇਂ ਨੂੰ, ਆਖੋ ਨਾ ਇੰਝ ਘੂਰੇ,
ਪਹਿਲਾਂ ਹੀ ਓਸ ਮੈਨੂੰ, ਹੈ ਰੋਲ਼ਿਆ ਬਥੇਰਾ।

ਬਣੀਆਂ ਨੇ ਅੱਗ ਬਰਫਾਂ, ਹੰਢਾਈਆਂ ਉਸ ਨੇ ਪਿੰਡੇ,
ਮੁੜਿਆ ਸ਼ਹੀਦ ਹੋ ਕੇ, ਕਰਗਿਲ ਚੋਂ ਵੀਰ ਮੇਰਾ।

ਸੁੱਕ ਗਏ ਨੇ ਮਾਂ ਦੇ ਅਥਰੂ, ਮੁੱਕ ਗਏ ਪਿਤਾ ਦੇ ਹਾਸੇ,
ਸਾਥਣ ਦੀ ਨੀਂਦ ਉੱਡਗੀ, ਪੁੱਤਰਾਂ ਦਾ ਕੱਲ੍ਹ ਹਨੇਰਾ।

ਪਲ ਵੀ ਵਿਸਾਹ ਨਾ ਕਰਦਾ, ਕੋਮਲ ਦਾ ਹੇਜ ਏਨਾ,
ਲਾਈ ਏ ਉਸ ਸਿਰਾਂ ਦੀ, ਤੇਰੇ ਗਮ ਦਾ ਵੇਖ ਜੇਰਾ।

18

ਤੇਰਾ ਗਮ ਈ ਰਹਿ ਗਿਆ ਏ, ਇਸ ਦਿਲ ਦਾ ਹੁਣ ਲਿਹਾਜੀ,
ਤੇ ਉਮਰ ਭਰ ਕਰੇਗਾ, ਦਿਲ ਓਸ ਦੀ ਮੁਥਾਜੀ।

ਬੇਅਸਰ ਹੋਣਾ ਆਖਿਰ, ਹੈ ਉਮਰ ਦੀ ਦੁਆ ਨੇ,
ਧੜਕੇਗਾ ਦਿਲ ਕਦੋਂ ਤਕ, ਜਦ ਤਕ ਨੇ ਸਾਹ ਵਿਆਜੀ।

ਗੈਰਾਂ ਚੋਂ ਨਿਤ ਪੈਂਦੇ, ਤੇਰੀ ਮਹਿਕ ਦੇ ਭੁਲੇਖੇ,
ਨਾ ਰਜਦੀਆਂ ਨੇ ਅੱਖਾਂ, ਨਾ ਹੋਈ ਰੂਹ ਈ ਰਾਜੀ।

'ਤੂੰ' ਬਣ ਕੇ ਪਰਤਣਾਂ ਨਈਂ, ਯਾਦਾਂ ਦੀ ਬੇਬਸੀ ਨੇ,
ਹੈ ਤੇਰੀ ਬੇਰੁਖੀ ਜਾਂ ਲੇਖਾਂ ਦੀ ਦਗਾਬਾਜੀ।

ਦੁਖ ਤੇਰੇ ਵਸਣ ਦਾ ਨਈਂ, ਗਮ ਆਪਣੇ ਰੁਲਣ ਦਾ ਹੈ,
ਹਰਫਾਂ ਨੂੰ ਗਲ ਨਾ ਲਾਏ, ਹੋਈ ਪੀੜ ਵੀ ਮਿਜਾਜੀ।

ਫੁਰਸਤ ਦਿਆਂ ਪਲਾਂ ਵਿਚ, ਦਿਲ ਦੀ ਲਈ ਤਲਾਸ਼ੀ,
ਤੇਰਾ ਖੁਸ਼ ਭਵਿਖ ਦਿਸਿਆ, ਅਪਣਾ ਉਦਾਸ ਮਾਜ਼ੀ।

ਨਾ ਰੱਖ ਲੰਮੇ ਦਾਈਏ, ਇਸ ਟੁੱਟ ਜਾਣਾ ਕੋਮਲ,
ਪੱਥਰਾਂ ਦੇ ਸ਼ਹਿਰ ਅੰਦਰ, ਦਿਲ ਕੱਚ ਦੀ ਹੈ ਬਾਜ਼ੀ।

19

ਕਰਦੀ ਹੈ ਜ਼ਿੰਦਗੀ ਵੀ, ਹਰ ਵਕਤ ਬੇਵਫਾਈ,
ਤਾਂ ਹੀ ਤਾਂ ਹਰ ਖੁਸ਼ੀ ਹੀ, ਫਿਰਦੀ ਹੈ ਮੂੰਹ ਲੁਕਾਈ।

ਬਣਿਆ ਹੈ ਮੇਰੇ ਦਿਲ ਦਾ, ਹੁਣ ਦਰਦ ਹੀ ਦਵਾਈ,
ਹੈ ਤੋਰ ਜ਼ਿੰਦਗੀ ਦੀ, ਤਾਂ ਹੀ ਤਾਂ ਲੜਖੜਾਈ।

ਬਖਸ਼ੇਗੀ ਓਹੀ ਮਸਤੀ, ਕਹਿੰਦਾ ਹੈ ਝੂਠ ਸਾਕੀ,
ਹੈ ਜੋ ਨਵੀਂ ਇਹ ਦਾਰੂ, ਹੁਣ ਮੈਕਦੇ ਚ, ਆਈ।

ਵੇਖਣਗੇ ਮੇਰੇ ਖ਼ਾਤੇ, ਫੋਲਣਗੇ ਪੁੱਤ ਅਟੈਚੀ,
ਕੁਝ ਗੀਤ ਚੰਦ ਗਜ਼ਲਾਂ, ਮੇਰੀ ਉਮਰ ਦੀ ਕਮਾਈ।

ਓਝਲ ਕਿਨਾਰੇ ਹੋ ਗਏ, ਲਹਿਰਾਂ ਦੀ ਮਿਹਰਬਾਨੀ,
ਰਿਹਾ ਭਰਮ ਉਮਰ ਸਾਰੀ, ਮੰਜ਼ਿਲ ਨਜ਼ਰ ਨਾ ਆਈ।

ਹੈ ਤਪਸ਼ ਜੋ ਮਨਾਂ ਦੀ ਤੇਰੇ ਠਾਰਿਆਂ ਠਰੇਗੀ,
ਵਰਨਾ ਇਹ ਰੂਹ ਇਵੇਂ ਹੀ, ਦੇਂਦੀ ਰਹੂ ਦੁਹਾਈ।

ਤੂੰ ਰਹਿਣਾ ਸਿੱਖ ਕੋਮਲ, ਹੁਣ ਯਾਰ ਦੀ ਰਜ਼ਾ ਵਿਚ,
ਐਵੇਂ ਤੂੰ ਦਰਦ ਉਸਦਾ, ਫਿਰਦਾ ਏਂ ਦਿਲ ਨੂੰ ਲਾਈ।

20

ਮੇਰਾ ਕਲ੍ਹ ਰਿਹਾ ਏ ਧੁਖਦਾ, ਪਿਆ ਅੱਜ ਲਾਟੀਂ ਬਲਦਾ,
ਕੁਝ ਤਾਂ ਤਬੀਬਾ ਕਰਦੋਂ, ਤੂੰ ਇਲਾਜ ਮੇਰੀ 'ਕੱਲ ਦਾ।

ਲੱਗਾ ਹਾਂ ਮੈਂ ਮੁਕੱਦਰ, ਹੁਣ ਲਿਖਣ ਅਪਣੇ ਹੱਥੀਂ,
ਤੇ ਓਸਦੀ ਇਬਾਰਤ, ਸੂਰਜ ਪੜ੍ਹੇਗਾ ਕੱਲ੍ਹਦਾ।

ਪੱਲੇ ਹਨੇਰ ਬੰਨ੍ਹ ਕੇ, ਭਾਲਣ ਮੈਂ ਤੁਰਿਆਂ ਚੰਨ ਨੂੰ,
ਉੱਗਾਂਗਾ ਕਲ੍ਹ ਸਿਵਾ ਬਣ, ਮਿੱਟੀ ਚ, ਅੱਜ ਹਾਂ ਰਲਦਾ।

ਕਾਗਜ਼ ਤੇ ਬੀਜਦਾ ਹਾਂ, ਜੋ ਕਲਮ ਨਾਲ ਸੋਚਾਂ,
ਕੋਈ ਗੀਤ ਬਣ ਕੇ ਉੱਗਦੀ, ਕੋਈ ਰੂਪ ਹੈ ਗਜ਼ਲ ਦਾ।

ਬੁਲ੍ਹੀਆਂ ਚੋਂ ਬੋਲ ਕਿਰਦੇ, ਲਗਦੇ ਦੁਆਵਾਂ ਵਰਗੇ,
ਮਿਲਣੇ ਦੀ ਹਾਂ ਵੀ ਤੇਰੀ, ਅਹਿਸਾਸ ਹੈ ਵਸਲ ਦਾ।

ਕਰਜ਼ਾਈ ਏਨੇ ਹੋ ਗਏ, ਕਿ ਬਚੇ ਨੇ ਕੋਲ ਹੌਕੇ,
ਲਗਦਾ ਹੈ ਜਿਸਮ ਕੋਮਲ, ਸਾਹਾਂ ਤੇ ਤੇਰੇ ਪਲਦਾ।

21

ਬਿਗਾਨੇ ਸੀ ਉਹ ਆਪਣੇ ਨੇ, ਜੋ ਅਪਣੇ ਸੀ ਬਿਗਾਨੇ ਨੇ,
ਨਿਸ਼ਾਨੇ ਸਾਂ ਕਦੇ ਤੇਰੇ, ਤੂੰ ਹੁਣ ਬਦਲੇ ਨਿਸ਼ਾਨੇ ਨੇ।

ਦਿਲਾਂ ਦੀ ਦਾਸਤਾਂ ਕਹਿਣੀ, ਬੜੀ ਔਖੀ ਹੈ ਮਹਿਫਲ ਵਿਚ,
ਨਹੀਂ ਕੁਝ ਛੱਡਿਆ ਪੱਲੇ, ਹੁਣ ਆਖਣ ਨੂੰ ਜ਼ਮਾਨੇ ਨੇ।

ਅਸੀਂ ਤਾਂ ਪੇਟ ਖਾਤਿਰ ਜਿੰਦ ਸੂਲੀ ਟੰਗ ਰਖਦੇ ਹਾਂ,
ਸਿਰਫ ਲਾਰੇ ਨੇ ਸ਼ਾਹਾਂ ਦੇ, ਜੋ ਸਾਡੇ ਮਿਹਨਤਾਨੇ ਨੇ।

ਮੈਂ ਰੋਟੀ ਲੈ ਕੇ ਪਰਤਾਂਗਾ, ਘਰੋਂ ਇਹ ਆਖ ਕੇ ਤੁਰਿਆਂ,
ਸਿਤਾਰੇ ਤੋੜਨੇ ਅਰਸ਼ੋਂ, ਜੋ ਕਹਿੰਦੇ ਨੇ ਦੀਵਾਨੇ ਨੇ।

ਹਰਿਕ ਨੂੰ ਦੇਣੀਆਂ ਛਾਵਾਂ, ਕਦੀਮੋਂ ਕਰਮ ਰੁੱਖਾਂ ਦਾ,
ਤੁਸਾਂ ਜੇ ਕਤਲ ਕਰਨੇ ਹਨ, ਤਾਂ ਫਿਰ ਇਹ ਬੇ ਜ਼ੁਬਾਨੇ ਨੇ।

ਗਰੂਰੇ ਹੁਸਨ ਦੇ ਫਿਰਦੇ, ਤੇਰੇ ਤੋਂ ਸਭ ਹੀ ਥੱਲੇ ਨੇ,
ਇਹ ਬੁੱਢੇ ਹੋ ਕੇ ਵੀ ਦੀਦੇ, ਸਿਰਫ ਤੇਰੇ ਦੀਵਾਨੇ ਨੇ।

ਕਿ ਮੈਂ ਹਰ ਹਾਲ ਪਹੁੰਚਾਂਗਾ, ਜੇ ਦਿੱਤਾ ਸਾਥ ਸਾਹਵਾਂ ਨੇ,
ਹੈ ਹੋਇਆ ਫੇਰ ਕੀ ਕੋਮਲ, ਗਏ ਜੇ ਮੁੱਕ ਯਰਾਨੇ ਨੇ।

22

ਸਾਰੀ ਹਯਾਤ ਰੋਏ, ਤੇਰੇ ਮੁਸਕਰਾਣ ਮਗਰੋਂ,
ਬਸ ਖਾ ਲਏ ਨੇ ਫਿਕਰਾਂ, ਤੇਰੇ ਈ ਜਾਣ ਮਗਰੋਂ।

ਵਸਲਾਂ ਦੇ ਬਿਰਖ ਨੇ ਵੀ, ਦਿੱਤੀਆਂ ਨਾ ਮੁੜ ਕੇ ਛਾਂਵਾਂ,
ਰਾਹ ਵੀ ਉਦਾਸ ਹੋ ਗਏ, ਤੇਰੇ ਲੰਘ ਜਾਣ ਮਗਰੋਂ।

ਬੁਲ੍ਹਾਂ ਤੇ ਬੋਲ ਉਗਦੇ, ਹੁਣ ਤਾਂ ਵਰ੍ਹੇ ਛਿਮਾਹੀਂ,
ਹੋਇਆ ਇਹ ਹਾਲ ਮੇਰਾ, ਤੈਨੂੰ ਬੁਲਾਣ ਮਗਰੋਂ।

ਕੋਈ ਗੀਤ ਬਣ ਗਈ ਹੈ, ਬਣ ਗਈ ਹੈ ਗਜ਼ਲ ਕੋਈ,
ਯਾਦਾਂ ਹੰਢਾਣ ਜੂਨਾਂ, ਤੇਰੇ ਭੁਲਾਣ ਮਗਰੋਂ।

ਜਾਣੀ ਨਾ ਵਾਜ ਮੇਰੀ, ਪਹੁੰਚੇ ਜੇ ਓਸ ਥਾਂ ਤੇ,
ਦਿਸਦੀ ਹੈ ਹੋਂਦ ਮਿਟਦੀ, ਲੰਮੀ ਉਡਾਣ ਮਗਰੋਂ।

ਪੁੱਛਦਾ ਉਹ ਸੁੱਖ ਮੇਰੀ, ਕਹਿੰਦਾਂ ਹੰਢਾ ਲਈ ਹੈ,
ਨ ਰਹੇ ਹਾਂ ਅਪਣੇ ਜੋਗੇ, ਅਪਣਾ ਬਣਾਣ ਮਗਰੋਂ।

ਜੋ ਨਾਲ ਤੇਰੇ ਗੁਜ਼ਰੀ, ਉਹ ਉਮਰ ਦੀ ਹੈ ਪੂੰਜੀ,
ਹੁਣ ਕੀ ਕਰਾਂਗੇ, ਸਰਫ਼ੇ, ਸਭ ਕੁਝ ਗਵਾਣ ਮਗਰੋਂ।

ਬੋਲਾਂ ਦਾ ਸ਼ਹਿਦ ਖਾ ਕੇ, ਨੈਣਾਂ ਤੋਂ ਪੀ ਕੇ ਦਾਰੂ,
ਲਾਈ ਨਾ ਮੂੰਹ ਨੂੰ ਕੋਮਲ, ਤੇਰੇ ਪਿਲਾਣ ਮਗਰੋਂ।

23

ਤੇਰੀ ਬੇਰੁਖ਼ੀ ਕੀ ਹੋਈ, ਬਦਲੇ ਨੇ ਰੁਖ਼ ਹਵਾਵਾਂ,
ਹੋ ਗਈਆਂ ਕਤਲ ਜੀਕੂੰ, ਇਸ ਰੁੱਖ ਦੀਆਂ ਨੇ ਛਾਵਾਂ।

ਕਰਦਾ ਨਿਸ਼ਾਨ ਦੇਹੀ, ਛਾਂਵਾਂ ਦੇ ਕਾਤਲਾਂ ਦੀ,
ਲਈਆਂ ਬਣਾ ਉਨ੍ਹਾਂ ਨੇ, ਦਿਲ ਵਿਚ ਈ ਲੁਕਣ-ਥਾਵਾਂ।

ਦੋਪਹਿਰ ਤੇ ਸਵੇਰੇ, ਲੁੱਟ ਗਏ ਸਮੇਂ ਦੇ ਹੱਥੋਂ,
ਬਚੀਆਂ ਨੇ ਸਿਰਫ਼ ਸ਼ਾਮਾਂ, ਪਲਕਾਂ ਦੇ ਵਿਚ ਲੁਕਾਵਾਂ।

ਅਪਣੇ ਨਾ ਇੰਜ ਕਰਦੇ, ਚਲ ਜੋ ਤੂੰ ਕਰ ਲਿਆ ਹੈ,
ਲੈਂਦਾਂ ਮੈਂ ਸਮਝ ਇਸਨੂੰ, ਹੁਸਨਾਂ ਦੀਆਂ ਅਦਾਵਾਂ।

ਮੇਰੇ ਤੂੰ ਬਣਦੇ ਹੱਕ ਨੂੰ, ਜਾਨਾਂ ਏਂ ਗਰਜ਼ ਆਖੀ,
ਪਰ ਘਰ ਤਾਂ ਘਰ ਹੀ ਹੁੰਦੈ, ਬਣਦੇ ਨਾ ਘਰ ਸਰਾਵਾਂ।

ਯਾਦਾਂ ਦੀ ਮਲ੍ਹਮ ਲਾ ਕੇ, ਮੈਂ ਪੀੜ ਅਪਣੀ ਹਰਦਾਂ,
ਕਰਦੀ ਅਸਰ ਦੁਆ ਨਾ, ਕਰਨਾ ਏਂ ਕੀ ਦਵਾਵਾਂ।

ਮਗਰੂਰੇ ਤਖ਼ਤ ਤੈਨੂੰ, ਦਿੱਤੀ ਭੁਲਾ ਸੀ ਖ਼ਲਕਤ,
ਫਿਰ ਵਕਤ ਬੋਲਿਆ ਕਿ, ਆ ਗਲ ਚ, 'ਹਾਰ' ਪਾਵਾਂ।

ਸ਼ਾਲਾ ਜਵਾਨੀ ਮਾਣੇ, ਜਿੱਥੇ ਵੀ ਵਸਨੈ ਸੱਜਣਾ,
ਕੋਮਲ ਨੂੰ ਜ਼ਿੰਦਗੀ ਨਾ, ਹੁਣ ਦੇਣੀ ਤੇਰੀ ਸਾਹਵਾਂ।

24

ਖ਼ਾਬਾਂ ਦੀ ਬਦਨਸੀਬੀ, ਜੋ ਢਹਿ ਗਏ ਉਸਰ ਕੇ,
ਟੋਂਹਦਾ ਹਾਂ ਧੜਕਣਾਂ ਮੈ, ਦਿਲ ਨੂੰ ਤਲੀ ਤੇ ਧਰ ਕੇ।

ਇੰਦਰਾਜ ਨਾ ਖ਼ੁਸ਼ੀ ਦਾ ਹੋਇਆ ਉਮਰ ਦੀ ਵਹੀ ਤੇ,
ਥੱਕ ਚੁੱਕੀਆਂ ਨੇ ਅੱਖਾਂ, ਹੁਣ ਫੋਲ ਫੋਲ ਵਰਕੇ।

ਰੋਟੀ ਦੇ ਮਸਲੇ ਨਾਲੋਂ, ਹੀਣੇ ਨੇ ਮਸਲੇ ਸਾਰੇ,
ਯਾ ਰੱਬ ਹਰੇਕ ਬੰਦਾ, ਸੌਂਵੇਂ ਜਿ ਪੇਟ ਭਰਕੇ।

ਕਿਉਂ ਬਣ ਗਿਆ ਹੈ ਭਾਂਬੜ, ਵਿਹੜੇ ਮਿਰੇ ਦਾ ਚਾਨਣ,
ਲਿਆਵਾਂ ਬੁਝਾਣ ਖ਼ਾਤਿਰ, ਪਾਣੀ ਤਲਾਸ਼ ਕਰਕੇ।

ਰਹਿਮਤ ਤਿਰੀ ਦਾ ਸਦਕਾ, ਸਾਹਾਂ ਦੀ ਉਮਰ ਬਾਕੀ,
ਹੋਣਾ ਮੁਹਾਲ ਜੀਣਾ, ਤੈਨੂੰ ਭਲਾ ਵਿਸਰ ਕੇ।

ਲੋੜਾਂ ਨੂੰ ਪੂਰਦੀ ਨਾ, ਦਿਨ ਭਰ ਦੀ ਇਹ ਮੁਸ਼ੱਕਤ,
ਭੱਜੀਏ ਕਦੀ ਨ ਕੋਮਲ, ਮਾੜੇ ਸਮੇਂ ਤੋਂ ਡਰਕੇ।

25

ਵਿਹੜੇ ਦੇ ਰੁੱਖ ਸਾਂਭੋ, ਨਾ ਗੁਆਚ ਜਾਣ ਛਾਂਵਾਂ,
ਮਿਲਦੇ ਕਿਸੇ ਨਾ ਕੀਮਤ, ਨਾ ਬਾਪ ਨਾ ਹੀ ਮਾਵਾਂ।

ਰੱਖ ਯਾਦ ਮਾਂ ਦੀ ਮਮਤਾ, ਬਾਪੂ ਦਾ ਮੋਹ ਨਾ ਭੁੱਲੀਂ,
ਹਨ ਉਮਰ ਭਰ ਦੀ ਦੌਲਤ, ਏਨ੍ਹਾਂ ਦੀਆਂ ਦੁਆਵਾਂ।

ਗਏ ਵਕਤ ਪਰਤਦੇ ਨਾ, ਰੁੱਕਦਾ ਸਮਾਂ ਕਦੇ ਨਾ,
ਨ ਹੋਏ ਨਸੀਬ ਮੰਜ਼ਿਲ, ਮਾਰਨ ਨਾ 'ਵਾਜ ਰਾਹਵਾਂ।

ਹੈ ਬਹੁਤ ਕੁਝ ਇਹ ਦੌਲਤ, ਸਭ ਕੁਝ ਨਾ ਆਖ ਇਸਨੂੰ,
ਸਾਹਾਂ ਦੀ ਮੁੱਕੇ ਪੂੰਜੀ, ਬਣਦੇ ਨੇ ਘਰ ਸਰਾਂਵਾਂ।

ਘਟਦਾ ਹੀ ਜਾ ਰਿਹਾ ਹੈ, ਤੇਰੇ ਪਰਾਂ ਚ, ਦਮ ਕਿਉਂ,
ਨਾ ਤਾਂ ਹੈ ਦੂਰ ਮੰਜ਼ਿਲ, ਨਾ ਛੱਡਿਆ ਸਾਥ ਸਾਹਵਾਂ।

ਜੇ ਉਮਰ ਸਾਰੀ ਕਰਦਾ, ਤੂੰ ਹਿਸਾਬ ਰਹਿਮਤਾਂ ਦਾ,
ਕੋਮਲ ਗਿਲਾ ਨ ਕਰਦਾ ਜੋ ਭੁਗਤੀਆਂ ਸਜ਼ਾਵਾਂ।

26

ਦੌਲਤ ਦੇ ਜੰਗਲਾਂ ਵਿਚ, ਮਹਿਲਾਂ ਦੇ ਜ਼ਰਦ ਚਿਹਰੇ,
ਆਦਮ ਦਾ ਖ਼ੂਨ ਪੀਂਦੇ, ਕਿੰਨੇ ਨੇ ਮਰਦ ਚਿਹਰੇ।

ਮੈਥੋਂ ਜੁ ਕਰਕੇ ਤਰਲੇ, ਮੇਰਾ ਵੋਟ ਲੈ ਗਏ ਸੀ,
ਹੁਣ, ਰੰਗ ਢੰਗ ਬਦਲੇ, ਹੋ ਗਏ ਬਿਦਰਦ ਚੇਹਰੇ।

ਹੋਏ ਵਫ਼ਾ ਨਾ ਵਾਅਦੇ ਤੇ ਰਿਸ਼ਵਤਾਂ ਦੀ ਕਾਲਖ,
ਪੂੰਝਣਗੇ ਮੱਥਿਆਂ ਤੋਂ ਜੰਮੀ ਹੋਈ ਗਰਦ ਚੇਹਰੇ।

ਜੋ ਇੰਤਕਾਲ ਹੋਇਆ, ਏਨਾਂ ਦੇ ਨਾਮ ਵਿਰਸਾ,
ਲਗਦਾ ਉਨ੍ਹਾਂ ਦੀ ਨਕਲੀ, ਬਣ ਗਏ ਨੇ ਫ਼ਰਦ ਚੇਹਰੇ।

ਹਰ ਕੇ ਅਨੇਕ ਖੁਸ਼ੀਆਂ, ਹਾਸੇ ਲੁਟਾ ਕੇ ਸਾਰੇ,
ਲਗਦੇ ਚੁਫੇਰ ਕੋਮਲ, ਪਾਸੇ ਦੀ ਨਰਦ ਚੇਹਰੇ।

27

ਕਰਨੀ ਕਿਸੇ ਕੀ ਬੋਲਾਂ, ਇਥੇ ਤੇਰਿਆਂ ਦੀ ਰਾਖੀ,
ਬਸ ਕਰਦੀਆਂ ਨੇ ਰਫਲਾਂ, ਇਥੇ ਨੇਰ੍ਹਿਆਂ ਦੀ ਰਾਖੀ।

ਜਾਵੇ ਨਾ ਵੰਡ ਸੂਰਜ, ਕਿਰਨਾਂ ਉਨ੍ਹਾਂ ਤੋਂ ਚੋਰੀ,
ਕਰਦੇ ਤਦੇ ਹੀ ਹਾਕਮ, ਨੇ ਸਵੇਰਿਆਂ ਦੀ ਰਾਖੀ।

ਓਦ੍ਹੇ ਦਰ ਤੇ ਘਰ ਦੀ ਰੌਣਕ, ਬਸ ਲਾਰਿਆਂ ਤੇ ਵਿਕ ਗਈ,
ਕਰਦਾ ਯਕੀਨ ਉਸਦਾ, ਸੀ ਬਨੇਰਿਆਂ ਦੀ ਰਾਖੀ।

ਹੁਣ ਨਾਲ ਤੇਰੇ ਅਪਣੇ, ਖਾਬਾਂ ਨੂੰ ਮੇਚਦਾ ਹਾਂ,
ਹਮਸਫ਼ਰ ਯਾਦ ਤੇਰੀ, ਕਰੇ ਜੇਰਿਆਂ ਦੀ ਰਾਖੀ।

ਨਾ ਭਗਤ ਦੇਸ਼ ਦੇ ਨੇ, ਨਾ ਦੀਨ ਤੇ ਹੀ ਪਹਿਰਾ,
ਕਰਦੇ ਨੇ ਆਪੋ ਆਪਣੇ, ਬਸ ਡੇਰਿਆਂ ਦੀ ਰਾਖੀ।

ਜਦ ਖ਼ੂਨ ਗ਼ੈਰ ਹੁੰਦਾ, ਬਣਦੇ ਯਤੀਮ ਮਾਪੇ,
ਫਿਰ ਕਰਦੀਆਂ ਨਾ ਕੰਧਾਂ ਵੀ ਵਡੇਰਿਆਂ ਦੀ ਰਾਖੀ।

ਪੀਤੇ ਤੂੰ ਡੀਕ ਲਾ ਕੇ, ਬੁੱਲ੍ਹਾਂ ਤੋਂ ਮੇਰੇ ਹਾਸੇ,
ਕਰਨੀ ਸੀ ਹਾਸਿਆਂ ਦੀ ਤੂੰ ਮੇਰਿਆਂ ਦੀ ਰਾਖੀ।

28

ਮੋਟੇ ਨਾ ਪੈੜ ਮੇਰੀ, ਤੂੰ ਆਖ ਤਪਦੇ ਥਲ ਨੂੰ,
ਮਜਬੂਰ ਹੀ ਨਾ ਸਮਝੇਂ, ਮੇਰੀ ਚੁੱਪ ਜਾਂ ਇਕੱਲ ਨੂੰ।

ਮੇਰੇ ਹਾਣ ਦੀਆਂ ਛਾਵਾਂ, ਬਾਗਾਂ ਦੀ ਮਾਲਕੀਅਤ,
ਰੀਝਾਂ ਦੇ ਰੁੱਖ ਨੂੰ ਦੇਂਦਾ, ਰਿਹਾ ਅੱਖੀਆਂ ਦੇ ਜਲ ਨੂੰ।

ਪੜ੍ਹ ਮੋਟੇ ਸ਼ੀਸਿਆਂ ਚੋਂ, ਹੁਣ ਅੰਰਥ ਰਿਸ਼ਤਿਆਂ ਦੇ,
ਅਪਣੇ ਹੀ ਆਸਰੇ ਤੇ, ਜੀਣਾ ਪਏਗਾ ਕਲ੍ਹ ਨੂੰ।

ਇਸ ਭੀੜ ਵਿਚ ਅਪਣਾ, ਆਉਂਦਾ ਨਾ ਨਜ਼ਰ ਕੋਈ,
ਖੁਦਦਾਰ ਬਣ ਕੇ ਜੀਅ ਤੂੰ, ਰੱਖ ਕਾਇਮ ਬਾਹੂ ਬੱਲ ਨੂੰ।

ਕਿਸ ਕੰਧ ਨੂੰ ਸੁਣਾਵਾਂ, ਦਿਲ ਦੀ ਇਹ ਵੇਦਨਾ ਮੈਂ,
ਭਰਨੀ ਕਿਸੇ ਨਾ ਹਾਮੀ, ਮੇਰੇ ਨਾ ਹੋਏ ਛਲ ਦੀ।

ਉਹ ਉਂਵ ਤਾਂ ਮਸੀਹਾ, ਕੁਚਲੇ ਲਤਾੜਿਆਂ ਦਾ,
ਪਰ ਸੱਕ ਲਾਹ ਕੇ ਸੁੱਟਦਾ ਹੈ, ਆਪਣੇ ਹੀ ਵੱਲ ਨੂੰ।

ਹੁਣ ਬਦਲਣਾ ਹੀ ਪੈਣਾ, ਇਹ ਲੋੜ ਹੈ ਸਮੇਂ ਦੀ,
ਹੱਸ ਅੱਡ ਰਹਿ ਕੇ ਕੋਮਲ, ਹੁਣ ਰੋ ਨਾ ਤੂੰ ਵਸਲ ਨੂੰ।

29

ਹੁੰਦੇ ਗਿਲੇ ਵਾਜਿਬ ਸੁਣਦਾ ਜ਼ਰੂਰ ਮੇਰੇ।
ਦੇਂਦਾ ਜੋ ਹਰ ਨਿਆਮਤ, ਭੁੱਲ ਕੇ ਕਸੂਰ ਮੇਰੇ।

ਰੁੱਖਾਂ ਨੂੰ ਪੱਤ ਬਖਸ਼ੇਂ, ਫੁੱਲਾਂ ਨੂੰ ਮਹਿਕ ਦੇਵੇਂ,
ਖਾਬਾਂ ਨੂੰ ਸੱਚ ਦੇ ਕੱਜਣ, ਦੇਵੇਂ ਹਜ਼ੂਰ ਮੇਰੇ।

ਹੈ ਸਭ ਤਿਰੀ ਇਬਾਦਤ, ਡੰਡੌਤ ਹੈ ਜਾਂ ਸਿਜਦਾ,
ਅਹਿਸਾਸ ਨਾ ਜੇ ਹੋਇਆ, ਤਾਂ ਸਭ ਕਸੂਰ ਮੇਰੇ।

ਪਰਸਾਂ ਜਾਂ ਚਰਨ ਤੇਰੇ, ਮਿਲਦਾ ਸਕੂਨ ਰੂਹ ਨੂੰ,
ਹੋ ਜਾਏ ਮਨ ਵਿਰਾਗੀ, ਟੁੱਟਦੇ ਗਰੂਰ ਮੇਰੇ।

ਸਾਹਾਂ ਦੇ ਕਾਫਲੇ ਜੋ, ਰਾਹਾਂ ਨੇ ਲੁੱਟ ਲੈਣੇ,
ਅਰਮਾਨ ਹੋਣੇ ਦਿਲ ਦੇ, ਨੇ ਚੂਰ ਚੂਰ ਮੇਰੇ।

ਹੋਇਆ ਤਿਰੀ ਰਜ਼ਾ ਵਿਚ, ਹੋਣਾ ਜੁ ਕਰਮ ਤੇਰਾ,
ਸੁੱਖ ਤੇਰੇ ਹੁਕਮ ਅੰਦਰ, ਦੁੱਖ ਹੋਣੇ ਦੂਰ ਮੇਰੇ।

ਟੁੱਟ ਕੇ ਜੋ ਤੇਰੇ ਨਾਲੋਂ, ਮਾਇਆ ਦੇ ਨਾਲ ਜੁੜ ਜਾਂ,
ਆਵਣ ਨਾ ਕਿਧਰੇ ਰੱਬ ਜੀ, ਮਨ ਵਿਚ ਫਤੂਰ ਮੇਰੇ।

ਤਾਰੇ ਮਿਰੇ ਗਵਾਹ ਨੇ, ਸੂਰਜ ਦੀ ਜਾਮਨੀ ਹੈ,
ਤੇਰੀ ਨਜ਼ਰ ਨੇ ਕਰਨੇ, ਸਭ ਦੋਸ਼ ਦੂਰ ਮੇਰੇ।

ਨਾ ਰਹਾਂ ਮੈਂ ਭਟਕਦਾ ਈ, ਗਲੀਆਂ ਹਨੇਰੀਆਂ ਵਿਚ,
ਦਿਨ ਨੂਰ ਨੂਰ ਕਰਦੇ, ਚਾਨਣ ਦੇ ਨੂਰ ਮੇਰੇ।

ਪੈਰਾਂ ਦੀ ਖਾਕ ਬਣ ਜਾਂ, ਜੋ ਤੇਰੇ ਹੋ ਗਏ ਨੇ,
ਦਿਨ ਰਾਤ ਰਹੇ ਕੋਮਲ, ਦਿਲ ਨੂੰ ਸਰੂਰ ਮੇਰੇ।

30

ਹੋਣਾ ਸੀ ਹਸ਼ਰ ਏਦਾਂ, ਜੇ ਕਰ ਮਿਰੀ ਵਫ਼ਾ ਦਾ,
ਦੇਂਦਾ ਨਾ ਨਾਮ ਤੈਨੂੰ ਮੈਂ ਆਪਣੇ ਖ਼ੁਦਾ ਦਾ।

ਖ਼ਤ ਮੇਰੇ ਕੋਹਾਂ ਲੰਮੇ, ਸਨ ਵਸਲ ਦਾ ਵਸੀਲਾ,
ਖਾਲੀ ਉਮਰ ਦਾ ਵਰਕਾ, ਇਕਬਾਲ ਹੈ ਗਵਾਹ ਦਾ।

ਉਸ ਕੰਮ ਬੰਦਿਆਂ ਵਾਲੇ, ਕੀਤੇ ਨਾ ਉਮਰ ਸਾਰੀ,
ਪਾ ਚੋਲਾ ਬਣ ਗਿਆ ਫਿਰ, ਬੰਦਾ ਉਹ ਕਿੰਝ ਖ਼ੁਦਾ ਦਾ।

ਤੋੜੇਂਗਾ ਖਾਬ ਮੇਰੇ, ਬੁੱਤ ਪੈਣਗੇ ਬਣਾਉਣੇ,
ਭੋਗੇਗੀ ਫਲ ਲੁਕਾਈ, ਕਲਮਾਂ ਦੀ ਬਦ ਦੁਆ ਦਾ।

ਹੁਣ ਬੋਝ ਬਣ ਗਏ ਨੇ, ਸਭ ਆਸਰੇ ਹੀ ਮੇਰੇ,
ਤਪਸ਼ਾਂ ਨਸੀਬ ਬਣੀਆਂ, ਰੁਖ਼ ਬਦਲਿਆ ਹਵਾ ਦਾ।

ਚਾਨਣ ਅਸਾਂ ਤੋਂ ਚੋਰੀ, ਉਸ ਅਪਣੇ ਨਾਮ ਕਰ ਲਏ,
ਰੱਖਦਾ ਏ ਰਿਸ਼ਤਾ ਫਿਰ ਵੀ, ਸਾਡੇ ਨਾਂ ਸੱਜਣਾ ਦਾ।

ਮਹਿਫਲ ਚ, ਮਾਣ ਮਿਲਦਾ, ਰਹਿਮਤ ਹੈ ਸਭ ਉਸੇ ਦੀ,
ਭਰ ਉਮਰ ਹੀ ਰਹੇਂਗਾ, ਕੋਮਲ ਤੂੰ ਬੇਵਫਾ ਦਾ।

31

ਤੱਕਦੇ ਜੇ ਚੋਰ ਅੱਖੀਂ, ਕਹਿੰਦੇ ਜੇ ਕੁਝ ਹਵਾ ਨੂੰ,
ਮੱਥੇ 'ਚ ਬਲਣ ਸੋਚਾਂ, ਕਹੀਏ ਕੀ ਇਸ ਅਦਾ ਨੂੰ।

ਹੁਸਨਾਂ ਦੇ ਸੂਰਜੇ ਦੀ, ਨਾ ਧੁੱਪ ਵੇਚਿਆ ਜੇ,
ਮਰਕੇ ਜਵਾਬ ਆਖਿਰ, ਦੇਵੋਗੇ ਕੀ ਖ਼ੁਦਾ ਨੂੰ।

ਆਵਣਗੇ ਪਰਤ ਹਾਸੇ, ਕਰਨੀ ਦੁਆ ਤੁਸਾਂ ਵੀ,
ਇਸ ਦਰਦ ਕੀਤਾ ਹੁਣ ਤਕ, ਬੇ ਅਸਰ ਹਰ ਦਵਾ ਨੂੰ।

ਰੱਬ ਦੇ ਨਾ ਘਰ ਨੂੰ ਜਾਂਦਾ, ਜਿਸ ਰਾਹ ਤੇ ਤੁਰ ਪਿਆ ਏਂ,
ਪੈਰੀਂ ਨਾ ਰੋਲ ਏਦਾਂ, ਐ ਦੋਸਤਾ ਵਫਾ ਨੂੰ

ਬਣਦੀ ਜ਼ੁਬਾਂ ਖਮੋਸ਼ੀ, ਤਾਂ ਵਜਦ ਅੰਦਰ ਆ ਕੇ,
ਰੂਹਾਂ ਦੇ ਸਾਜ਼ ਉੱਤੇ, ਗਾਉਂਦੇ ਨੇ ਨਗਮਿਆਂ ਨੂੰ।

ਪਾਟੇ ਪੁਰਾਣੇ ਖਾਬਾਂ, ਪਹਿਨੀ ਏ ਤਨ ਦੀ ਮਿੱਟੀ,
ਮਨ ਤਾਂ ਪਿਆ ਹੰਢਾਦਾ, ਹੈ ਉਮਰ ਦੀ ਸ਼ਜ਼ਾ ਨੂੰ।

ਲੋੜਾਂ ਨਾ ਤਰਸ ਖਾਵਣ, ਬੇਰਹਿਮ ਹੈ ਮਹਿੰਗਾਈ,
ਲੈਂਦੇ ਹਾਂ ਸਾਹ ਜੇ ਫਿਰ ਵੀ, ਲੈ ਸਾਂਭ ਇਸ ਕਲਾ ਨੂੰ।

ਦੇਵੇਂ ਜੇ ਤੂੰ ਹੁੰਗਾਰਾ, ਮੈਂ ਦਿਲ ਦੀ ਬਾਤ ਪਾਵਾਂ,
ਵਰਨਾ ਮੈਂ ਵੇਚ ਦੇਵਾਂ, ਸਭ ਹੱਕ ਤਿਰੀ ਰਜ਼ਾ ਨੂੰ।

•

32

ਤੂੰ ਆਖ ਏਸ ਰੁੱਤ ਨੂੰ, ਹੁਣ ਮਟਕ ਨਾਲ ਗੁਜ਼ਰੇ,
ਪੀੜਾਂ ਪਰੁੱਚੇ ਹੁਣ ਤਕ, ਨੇ ਬਹੁਤ ਸਾਲ ਗੁਜ਼ਰੇ।

ਮਿਟ ਚੁੱਕਿਆ ਚਿਰਾਂ ਦਾ, ਮੈਂ ਤੇਰੇ ਚੇਤਿਆਂ ਚੋਂ,
ਪਰ ਮੇਰੇ ਮਨ ਚੋਂ ਅੱਜ ਵੀ, ਤੇਰਾ ਖ਼ਿਆਲ ਗੁਜ਼ਰੇ।

ਖੋਂਟਿਆ ਤੇ ਕੀ ਗਵਾਇਆ, ਨਾ ਬੁਲਾ ਤੂੰ ਝੂਠ ਮੈਥੋਂ,
ਮੇਰੇ ਜ਼ਿਹਨ ਵਿਚੋਂ ਏਹੋ, ਹਰ ਦਮ ਸਵਾਲ ਗੁਜ਼ਰੇ।

ਜੋ ਬੀਤਿਆ ਏ ਸੋਹਣਾ, ਜੋ ਬੀਤਦਾ ਏ ਵਾਹਵਾ,
ਤੇਰੀ ਰਜ਼ਾ ਚ, ਬਾਕੀ, ਮੇਰੇ ਅਕਾਲ, ਗੁਜ਼ਰੇ।

ਤੇਰੇ ਬਗੈਰ ਮੇਰਾ, ਲੰਘਦਾ ਏ ਵਕਤ ਏਦਾਂ,
ਵਿਚ ਥਲ ਦੇ ਜੇਠ ਗੁਜ਼ਰੇ, ਪਰਬਤ ਸਿਆਲ ਗੁਜ਼ਰੇ।

ਥੋੜਾਂ ਨਾ ਘੁਲਦਿਆਂ ਨੂੰ, ਲੋੜਾਂ ਦੀ ਪੂਰਤੀ ਲਈ,
ਏਸੇ ਹੀ ਹਾਲ ਕੋਮਲ, ਇੰਝ ਪੂਰਾ ਸਾਲ ਗੁਜ਼ਰੇ।

33

ਦਿੱਤੇ ਨੇ ਓਸ ਹਉਕੇ, ਮੈਨੂੰ ਇਨਾਮ ਯਾਰੋ,
ਉਸ ਦੀ ਨਜ਼ਰ ਚ, ਮੇਰਾ ਕੀ ਏ ਮੁਕਾਮ ਯਾਰੋ।

ਲਿਖ ਹੋ ਗਈ ਮੁਹੱਬਤ, ਉਮਰਾ ਦੇ ਵਰਕਿਆਂ ਤੇ,
ਅੱਜ ਤੀਕ ਅੱਖਰਾਂ ਦਾ, ਤਾਂ ਹੀ ਗੁਲਾਮ ਯਾਰੋ।

ਬੋਲਾਂ ਚੋਂ ਗੰਧ ਉਸਦੇ, ਆਉਂਦੀ ਏ ਰਹਿਬਰੀ ਦੀ,
ਉਸ ਤਾਂ ਹੀ ਉਸ ਨਾਲ ਮੇਰੇ, ਛੱਡ ਤੀ ਕਲਾਮ ਯਾਰੋ।

ਦੁੱਖਾਂ ਦੇ ਜੰਗਲਾਂ ਚੋਂ, ਖਾਬਾਂ ਨੂੰ ਭਾਲਦੇ ਹੋ
ਵੇਖੋ ਗੁਆ ਨਾ ਲੈਣੀ, ਜੀਵਨ ਦੀ ਸ਼ਾਮ ਯਾਰੋ।

ਉਹ ਸੋਚ ਦੀ ਅਦਾਲਤ, ਜਾਣੋਂ ਜੋ ਝਿਜਕਦੇ ਨੇ,
ਵਿਚ ਕਾਤਿਲਾਂ ਦੇ ਹੋਣਾ, ਉਹਨਾਂ ਦਾ ਨਾਮ ਯਾਰੋ।

ਹਰ ਇਕ ਵਫ਼ਾ ਵਿਕਾਊ, ਹਰ ਭਾਅ ਗਈ ਖਰੀਦੀ,
ਕੁਰਸੀ ਦੇ ਵਾਸਤੇ ਨੇ, ਰੌਲੇ ਤਮਾਮ ਯਾਰੋ।

ਇਨ੍ਹਾਂ ਲਸ਼ਕਰਾਂ ਨੇ ਨਿਭਣਾਂ, ਦਿਨ ਚਾਰ ਨਾਲ ਕੋਮਲ,
ਹੈ ਚੜ੍ਹਦੇ ਸੂਰਜਾਂ ਨੂੰ, ਹੁੰਦੀ ਸਲਾਮ ਯਾਰੋ।

34

ਹਰ ਗੀਤ ਦਾ ਸੀ ਸਾਥੀ, ਦਿਲ ਦਾ ਜੋ ਸਾਜ਼ ਸੱਜਣਾ।
ਬੇਸੁਰ ਵੀ ਹੋ ਗਿਆ ਸੀ, ਹੁਣ ਬੇ ਅਵਾਜ਼ ਸੱਜਣਾ।

ਏਨਾ ਬਿਦਰਦ ਹੋ ਕੇ, ਸਾਜ਼ੀ ਨੇ ਦਰਦ ਗਾਇਆ,
ਹੁਣ ਭੁਲ ਗਿਆ ਏ ਕਰਨਾ, ਆਪੇ ਤੇ ਨਾਜ਼ ਸੱਜਣਾ।

ਜਿਸ ਭਾਅ ਖ਼ਰੀਦ ਲਏ ਨੇ ਅੜਿਆ ਤੂੰ ਖਾਬ ਮੇਰੇ,
ਮਹਿਫਲ ਚ, ਦਸਦਿਆਂ ਨੂੰ, ਆਉਂਦੀ ਏ ਲਾਜ ਸੱਜਣਾ।

ਲਾਹੇ ਦਾ ਵਣਜ ਕਰਦੇ, ਦਿਲ ਹੋਣ ਤਾਜਰਾਂ ਦੇ,
ਹੈ ਦਿਲ ਨੂੰ ਖਾਈ ਜਾਂਦਾ, ਬਿਰਹਾ ਵਿਆਜ ਸੱਜਣਾ।

ਐ ਦਿਲ ਤੂੰ ਗੱਲ ਦਿਲ ਦੀ, ਦਿਲ ਵਿਚ ਹਮੇਸ਼ ਰੱਖੀਂ,
ਮੈਂ ਵਰਜਦਾਂ ਬਥੇਰਾ, ਆਵੇ ਨਾ ਬਾਜ ਸੱਜਣਾਂ।

ਸਿਵਿਆਂ ਦੇ ਤੀਕ ਨਿਭਦੇ, ਨੇ ਰੋਗ ਏਨੇ ਮਾਰੂ,
ਜੋ ਲਾਏ ਨੇ ਤੂੰ ਕੋਮਲ, ਹਨ ਲਾਇਲਾਜ ਸੱਜਣਾ।

35

ਮੈਨੂੰ ਗਿਲਾ ਨ ਕੋਈ, ਮੁਨਸਫ਼ ਦੀ ਮੁਨਸਫ਼ੀ ਤੇ।
ਮਜਬੂਰ ਕਰਦੈ ਕਿਉਂ ਪਰ, ਮੈਨੂੰ ਉਹ ਖ਼ੁਦਕੁਸ਼ੀ ਤੇ।

ਔਣੀਂ ਨਾ 'ਵਾਜ ਤੇਰੀ, ਤੇਰੇ ਬਗੈਰ ਜੀਂਦਾਂ,
ਆਉਂਦਾ ਹੈ ਤਰਸ ਮੈਨੂੰ ਹੁਣ ਅਪਣੀ ਮੁਫਲਸੀ ਤੇ।

ਸਜਣਾਂ ਵਫ਼ਾ ਨਿਭਾਵੀਂ, ਬੇਸ਼ਕ ਤੂੰ ਬਣ ਕੇ ਅੱਥਰੂ,
ਹੋਵੀਂ ਜ਼ਰੂਰ ਸ਼ਾਮਿਲ, ਤੂੰ ਮੇਰੀ ਹਰ ਖੁਸ਼ੀ ਤੇ।

ਬਲਦੀ ਨਾ ਰੱਤ ਮੇਰੀ, ਯਾਦਾਂ ਦੇ ਦੀਵਿਆਂ ਵਿਚ,
ਖਾਧਾ ਜੇ ਤਰਸ ਹੁੰਦਾ, ਉਸ ਮੇਰੀ ਬੇਬਸੀ ਤੇ।

ਉਸਦੀ ਜਵਾਨੀ ਖੋਹ ਲਏ ਬੁੱਲ੍ਹਾਂ ਤੋਂ ਸਾਡੇ ਹਾਸੇ,
ਕਰਿਓ ਨਾ ਫ਼ਿਕਰ ਆਖੇ, ਮੋੜਾਂਗਾ ਵਾਪਸੀ ਤੇ

ਫੁੱਲਾਂ ਦਾ ਕਤਲ ਹੋਇਆ, ਉਡਣਗੇ ਰੰਗ ਤੇ ਖੁਸ਼ਬੂ,
ਇਲਜ਼ਾਮ ਲਗਦਾ ਕੋਮਲ, ਇੱਕ ਰੁੱਤ ਸਾਜ਼ਸ਼ੀ ਤੇ।

36

ਆਇਆਂ ਗੁਆ ਜੋ ਸੁਪਨੇ, ਅਪਣੇ ਮੈਂ ਗੇਤਿਆਂ ਵਿਚ
ਧੁੰਦਲੇ ਨੇ ਨਕਸ਼ ਬਾਕੀ ਹਾਲੀ ਵੀ ਚੇਤਿਆਂ ਵਿਚ।

ਛਡ ਜੀਣ ਗੀਆਂ ਕ੍ਰੀਕਰ, ਦਰਿਆ ਦੇ ਗਹਿਰੇ ਪਾਣੀ,
ਚੜ੍ਹੀਆਂ ਨੇ ਆਣ ਕੇ ਜੋ, ਮੱਛੀਆਂ ਬਰੇਤਿਆਂ ਵਿਚ।

ਮੰਗਦੇ ਰਹੇ ਦੁਆਵਾਂ, ਤਿਰੀਆਂ ਸਵੇਰ ਸ਼ਾਮੀ,
ਹੈ ਨੀਂ ਸ਼ੁਮਾਰ ਬੇਸ਼ਕ, ਤੇਰੇ ਚਹੇਤਿਆਂ ਵਿਚ।

ਹਾਰੀ ਅਸਾਂ ਵੀ ਸੱਜਣਾਂ, ਨਾ ਜ਼ਿੰਦਗੀ ਦੀ ਬਾਜੀ,
ਆਪੇ ਨੂੰ ਗਿਣ ਅਜੇ ਨਾ, ਤੂੰ ਵੀ ਵਿਜੇਤਿਆਂ ਵਿਚ।

ਬਣ ਕੇ ਰਹੂਗੀ ਤਾਰਾ, ਸਮਿਆਂ ਦੇ ਅੰਬਰਾਂ ਤੇ,
ਦਿੱਤੀ ਲੁਕੋ ਜ਼ਮਾਨੇ, ਸੱਸੀ ਜੋ ਰੇਤਿਆਂ ਵਿਚ।

ਨੈਣਾਂ ਚੋਂ ਤੇਰੇ ਪੀਤੀ, ਮੁੜ ਨਾ ਨਸੀਬ ਹੋਈ,
ਲੱਭੀ ਉਹ ਉਮਰ ਸਾਰੀ, ਦਾਰੂ ਮੈਂ ਠੇਕਿਆਂ ਵਿਚ।

ਮੁਸਕਾਨ ਇਕ ਤੂੰ ਅਪਣੀ, ਕਰ ਦੇਨੋਂ ਨਾਮ ਕੋਮਲ,
ਆ ਜਾਂਦੀ ਕੁਝ ਰੰਗੀਨੀ, ਸਾਹਾਂ ਪਛੇਤਿਆਂ ਵਿਚ।

37

ਅਹਿ ਦੇਖ ਚੁੱਪ ਤੇਰੀ, ਮੇਰੇ ਪੀ ਲਏ ਨੇ ਹਾਸੇ।
ਭੋਗਣ ਵਿਯੋਗ ਕੰਧਾਂ, ਘਰ ਦੇ ਨੇ ਦਰ ਉਦਾਸੇ।

ਕੀ ਦੇਣਾ ਬਿਰਧ ਬਿਰਖਾਂ, ਮੇਹਣੇ ਨੇ ਪਤਝੜਾਂ ਦੇ,
ਭਾਦੋਂ ਦੇ ਹੁਣ ਹੰਢਾਉਣੇ, ਇਨਾਂ ਉਮਰ ਭਰ ਚੁਮਾਸੇ।

ਏਨ੍ਹਾਂ ਦਿਨਾਂ ਲਈ ਜੀਂਦੇ, ਵੇਖਾਂਗੇ ਅਪਣੀ ਅੱਖੀਂ,
ਦਰਿਆ ਵੀ ਹੰਝੂਆਂ ਦੇ, ਵਗਦੇ ਨੇ ਚਾਰੋਂ ਪਾਸੇ।

ਧੋਖਾ ਸੀ ਅੱਖੀਆਂ ਦਾ, ਤੇ ਦਿਲ ਵੀ ਸੀ ਫਰੇਬੀ,
ਹੱਥਾਂ ਦੀਆਂ ਲਕੀਰਾਂ, ਦੇ ਝੂਠ ਸਭ ਦਿਲਾਸੇ।

ਮਿੱਟੀ ਨਾ ਮਿੱਟੀ ਹੋ ਕੇ, ਲਈਆਂ ਨੇ ਪਾਲ ਫ਼ਸਲਾਂ
ਵਰ੍ਹਨਾ ਕੀ ਏਨਾਂ ਬੱਦਲਾਂ, ਲਗਦੇ ਜੁ ਖ਼ੁਦ ਪਿਆਸੇ।

ਏਨ੍ਹਾਂ ਖੁਸ਼ੀ ਦੇ ਬੋਹਲਾਂ, ਬਣਨਾ ਕੀ ਲੋੜ ਤੇਰੀ,
ਕਿਰਤੀ ਦੇ ਏਹ ਨਾ ਹੁੰਦੇ, ਖੜ੍ਹਦੇ ਨੇ ਸ਼ਾਹਵਾਂ ਪਾਸੇ।

ਦਾਤਾਂ ਨੂੰ ਸਾਂਭਦੇ ਸੀ , ਦਾਤਾਰ ਵਿਸਰਿਆ ਸੀ,
ਸਮਿਆਂ ਦੀ ਤੋਰ ਤੱਕ ਕੇ, ਫਿਰਦੇ ਜੇ ਹੁਣ ਨਿਰਾਸੇ।

ਬਾਹਰੋਂ ਨਾ ਭਾਲ ਕੋਮਲ, ਮਿਲਣਾ ਏ ਸਭ ਹੀ ਅੰਦਰੋਂ
ਅਪਣੇ ਹੀ ਤੇਰੇ ਰੋਣੇ, ਅਪਣੇ ਹੀ ਤੇਰੇ ਹਾਸੇ।

38

ਕਿਸੇ ਨੇ ਦਰਦ ਤੇਰੇ ਦੀ ਦਵਾ ਬਣਨਾ ਇਹ ਭੁੱਲ ਜਾਵੀਂ।
ਦਿਲਾ ਤੂੰ ਨੇਕੀਆਂ ਕਰਕੇ, ਭਲਾ ਬਣਨਾ ਇਹ ਭੁੱਲ ਜਾਵੀਂ।

ਸਫ਼ਰ ਤੇ ਤੂੰ ਜਦੋਂ ਤੁਰਿਆ ਇਕੱਲਾ ਸੀ ਇਕੱਲਾ ਹੈਂ,
ਇਕੱਲਾ ਹੀ ਤੂੰ ਜਾਵੇਂਗਾ, ਜਥਾ ਬਣਨਾ ਇਹ ਭੁੱਲ ਜਾਵੀਂ।

ਇਹ ਸਾਰੇ ਸਾਥ ਸੁੱਖਾਂ ਦੇ ਤੇ ਦੁਖ ਵਿਚ ਕੌਣ ਖੜ੍ਹਦਾ ਹੈ,
ਕਦੇ ਏਹ ਰਿਸ਼ਤਿਆਂ ਨੇ ਵੀ, ਨਫ਼ਾ ਬਣਨਾ ਇਹ ਭੁੱਲ ਜਾਵੀਂ।

ਕਿਤੇ ਜੇ ਨਿੱਘ ਰਿਸ਼ਤੇ ਦਾ, ਨਿਭਣ ਦਾ ਕਰ ਦਏ ਵਾਅਦਾ,
ਕਰੀਂ ਵਿਸ਼ਵਾਸ ਬਿਲਕੁਲ ਨਾ, ਵਫ਼ਾ ਬਣਨਾ ਇਹ ਭੁੱਲ ਜਾਵੀਂ

ਬੜਾ ਹੁਸ਼ਿਆਰ ਹਾਕਮ ਹੈ, ਗਿਆ ਲੈ ਵੋਟ ਜਿਸ ਦਿਨ ਦੀ,
ਨਜ਼ਰ ਟੀ.ਵੀ. ਤੇ ਆਵੇਗਾ, ਤਿਰਾ ਬਣਨਾ ਇਹ ਭੁੱਲ ਜਾਵੀਂ।

ਕਿਸੇ ਰਿਸ਼ਤੇ ਚ, ਮੇਰਾ ਨਾਂ, ਪਿਆ ਜੇ ਬੋਲ ਤਾਂ ਵੇਖੀਂ,
ਬਿਨਾ ਤੇਰੇ ਇਹ ਮਿੱਟੀ ਦਾ, ਜ਼ੱਰਾ ਬਣਨਾ ਇਹ ਭੁੱਲ ਜਾਵੀਂ।

ਤੜਪ ਰੁੱਤਾਂ ਦੀ ਹੀ ਆਖ਼ਿਰ, ਬਣੂਗੀ ਮੌਤ ਪੱਤਝੜ ਦੀ,
ਸਦਾ ਸਾਹ ਪੀਣੀਆਂ ਵਾਵਾਂ, ਕਜ਼ਾ ਬਣਨਾ ਇਹ ਭੁੱਲ ਜਾਵੀ।

ਅਜੇ ਤੇਰੀ ਕਲਮ ਅੰਦਰ ਨਹੀਂ ਉਹ ਜਾਨ, ਉਹ ਸ਼ਕਤੀ,
ਤਪੱਸਿਆ ਦੇ ਬਿਨਾਂ ਕੋਮਲ, ਕਲਾ ਬਣਨਾ ਇਹ ਭੁੱਲ ਜਾਵੀਂ।

39

ਕਦੇ ਜੇ ਯਾਰ ਸਾਨੂੰ ਵੀ, ਬੁਲਾ ਲੈਂਦੋਂ ਜ਼ਰਾ ਹੱਸ ਕੇ
ਨਸੀਬਾਂ ਦੇ ਉਜਾੜੇ ਸਾਂ, ਕਿਤੇ ਜੇ ਵੇਖਦੇ ਵੱਸ ਕੇ।

ਹਨੇਰੇ ਨੇ ਲਿਤਾੜੇ ਹਾਂ, ਤੁਫ਼ਾਨਾਂ ਦੇ ਉਜਾੜੇ ਹਾਂ,
ਅਜੇ ਜੀਂਦੇ ਅਸੀਂ ਫਿਰ ਵੀ, ਹੈ ਸਭ ਨੇ ਵੇਖਿਆ ਫੱਸ ਕੇ।

ਜੋ ਕੀਤੇ ਜ਼ਖ਼ਮ ਰਾਹਵਾਂ ਨੇ, ਭਰੇ ਤਿਰੀਆਂ ਦੁਆਵਾਂ ਨੇ,
ਅਜੇ ਤਾਂ ਮੰਜ਼ਿਲਾਂ ਦੇਣੇ, ਨੇ ਅੱਗੋਂ ਦੀ ਸੁਨਾਂਹ ਨੱਸ ਕੇ।

ਅਜੇ ਤਾਂ ਸ਼ੌਕ ਉਸਦੇ ਨੇ, ਕਿ ਲਾਲੀ ਬਣਗੇ ਅੱਖਾਂ ਦੀ,
ਪਿਆ ਲੁੱਟਦਾ ਉਹ ਦਿਨ ਦੀਵੀਂ, ਤੇ ਡਾਕੇ ਮਾਰਦਾ ਦੱਸ ਕੇ।

ਪਤਾ ਨਹੀਂ ਕੇਸ ਦੁਸ਼ਮਣ ਨੇ, ਉਦ੍ਹੇ ਬੁਲ੍ਹਾਂ ਤੇ ਚੁੱਪ ਧਰਤੀ,
ਕਦੇ ਗਲ ਲੱਗ ਕੇ ਰੋਂਦਾ ਸੀ, ਤੇ ਮਿਲਦਾ ਸੀ ਕਦੇ ਹੱਸ ਕੇ।

ਉਹ ਮਹਿਕੀ ਰੁਤ ਵੀ ਅਜਕਲ ਹੋ ਗਈ ਹੈ ਪਤਝੜਾਂ ਵਰਗੀ
ਤੁਰੇ ਤਾਂ ਨੀਵੀਆਂ ਪਾ ਕੇ, ਮਿਲੇ ਤਾਂ ਤਿਊੜੀਆਂ ਕੱਸ ਕੇ।

ਸੀ ਮੈਨੂੰ ਲੋੜ ਅੰਬਰ ਦੀ, ਸਿਤਾਰੇ ਸਨ ਜਿਦ੍ਹੀ ਪੂੰਜੀ,
ਸੁਪਨ ਸਾਕਾਰ ਨਾ ਹੋਇਆ, ਲਏ ਤੱਕ ਪੈਰ ਵੀ ਝੱਸ ਕੇ

ਬਣਾਂ ਜੇ ਲੋੜ ਉਸਦੀ ਮੈਂ, ਕਿਤੇ ਚੁੱਪ ਤੋੜ ਦੇਵੇਗਾ,
ਉਹ ਦੇਂਦੇ ਮਾਰ ਨੇ ਕੋਮਲ, ਬ੍ਰਿਹੋਂ ਦੇ ਨਾਗ ਵੀ ਡੱਸਕੇ।

40

ਇਹ ਰਹਿਮਤ ਨੂਰ ਤੇਰੇ ਤੋਂ, ਮਿਲੀ ਸੋਝੀ ਤਿਰੇ ਦਰ ਦੀ।
ਖੁਸ਼ੀ ਦਰ ਢਹਿਣ ਦੀ ਅਕਸਰ, ਰਹੇ ਸਰਸ਼ਾਰ ਰੂਹ ਕਰਦੀ।

ਮਨਾਂ ਦੀ ਵੇਦਨਾ ਪੜ੍ਹਨੀ, ਕੀ ਗਰਜ਼ਾਂ ਮਾਰਿਆ ਲੋਕਾਂ,
ਕਿਸੇ ਦੀ ਧਿਰ ਹੈ ਕੀ ਬਣਨਾ, ਹੈ ਸਭ ਨੂੰ ਆਪਣੇ ਘਰ ਦੀ।

ਸਬਰ ਤੇ ਸ਼ੁਕਰ ਵਿਚ ਜੀਣਾ, ਕਦੇ ਜੇ ਸਿਖ ਲਵੇ ਦੁਨੀਆਂ,
ਸਮਰਪਿਤ ਕਰ ਦਏ ਆਪਾ, ਨਾ ਜੀਵਨ ਤੋਂ ਕਦੇ ਡਰਦੀ।

ਨਹੀਂ ਉਹ ਦੇਂਦਿਆਂ ਥੱਕਦਾ, ਨਾ ਸੰਗ ਤੈਨੂੰ ਵੀ ਮੰਗਣ ਦੀ,
ਤਿਰੇ ਮੁੱਕ ਜਾਣ ਸਾਹ ਭਾਵੇਂ, ਤਿਰੀ ਝੋਲੀ ਨਹੀਂ ਭਰਦੀ।

ਇਹ ਗਰਜ਼ਾਂ ਮਾਰਿਆ ਬੰਦਾ, ਕਰੇ ਨਾ ਤਰਸ ਅਪਣੇ ਤੇ,
ਇਹ ਮਰ ਮਰ ਜਾਇ ਦੌਲਤ ਲਈ, ਤੇ ਇਸਦੀ ਹਉਂ ਨਹੀਂ ਮਰਦੀ।

ਜ਼ਰੂਰਤ ਤਾਂ ਜ਼ਰੂਰਤ ਹੈ, ਜ਼ਰੂਰੀ ਪੂਰਤੀ ਉਸ ਦੀ
ਬਣੇ ਮਾਲਕ ਨਾ ਬੰਦੇ ਦੀ, ਇਹ ਬਰਦੀ ਹੈ ਰਵ੍ਹੇ ਬਰਦੀ।

ਮੁਨਾਫ਼ੇ ਦਾ ਕੋਈ ਮਾਅਨਾ, ਰਹੇ ਨਾ ਵਣਜ ਸੱਚ ਦੇ ਵਿਚ,
ਨੇ ਸਾਂਝੀਵਾਲ ਸਭ ਉਸਦੇ, ਤੇ ਸਭ ਦਾ ਹੀ ਬਣੇ ਦਰਦੀ।

ਹੈ ਹੋਣੀ ਹਰ ਖੁਸ਼ੀ ਮਿੱਟੀ, ਇਹ ਤਖ਼ਤੋ ਤਾਜ ਸਭ ਮਿੱਟੀ
ਜਦੋਂ ਸਾਹ ਮੁੱਕਣੇ ਕੋਮਲ, ਤੇ ਬਣਨਾ ਲਾਲੀਆਂ ਜ਼ਰਦੀ।

41

ਨਾ ਮੌਸਮ ਨੇ ਨਾ ਰੁੱਤਾਂ ਨੇ, ਨਾ ਧੁੱਪਾਂ ਨੇ ਨਾ ਛਾਂਵਾਂ ਨੇ।
ਵਫ਼ਾ ਕੀਤੀ ਨਾ ਕਰਨੀ ਸੀ, ਨਾ ਮੰਜ਼ਿਲ ਨੇ ਨਾ ਰਾਹਵਾਂ ਨੇ।

ਮਿਰੇ ਹਰ ਖ਼ਾਬ ਦੇ ਪੈਰੀਂ, ਸੀ ਛਾਲੇ ਬਦਨਸੀਬੀ ਦੇ,
ਸਦਾ ਹੀ ਬਦਦੁਆਵਾਂ ਦਿੱਤੀਆਂ ਨੇ ਖ਼ੈਰ ਖਾਹਵਾਂ ਨੇ।

ਬਣੇ ਨਾ ਮਲ੍ਹਮ ਜ਼ਖ਼ਮਾਂ ਦੀ, ਸੀ ਅੱਥਰੇ ਬੋਲ ਦਿਲਬਰ ਦੇ,
ਬੁਰਾ ਏ ਹਾਲ ਹੁਣ ਦਿਲ ਦਾ, ਲਏ ਹੌਕੇ ਨੇ ਚਾਅਵਾਂ ਨੇ।

ਅਜਾਈਂ ਬੀਤ ਗਈ ਸਾਰੀ, ਹਯਾਤੀ ਦਾ ਹੀ ਗ਼ਮ ਖਾਵੇ,
ਡੰਗੋਰੀ ਦੇ ਗਈ ਧੋਖਾ, ਵਫ਼ਾ ਕੀਤੀ ਨਾ ਬਾਹਵਾਂ ਨੇ।

ਸਭੇ ਕਸਮਾਂ ਨੇ ਹੁਣ ਰਸਮਾਂ, ਜਿਵੇਂ ਹਾਕਮ ਦੇ ਸਭ ਵਾਅਦੇ,
ਜਿਥੇ ਦੁਖ ਆਪੋ ਅਪਣੇ ਨੇ, ਉਹ ਘਰ ਕਾਹਦੇ ਸਰਾਵਾਂ ਨੇ।

ਵਸੇ ਬੁੱਲ੍ਹਾਂ ਤੇ ਖ਼ਾਮੋਸ਼ੀ, ਤੇ ਹਾਸੇ ਖ਼ਾਬ ਹੋ ਗਏ ਨੇ,
ਗਿਆ ਭੁੱਲ ਧੜਕਣਾਂ ਦਿਲ ਨੂੰ, ਤੇ ਛਡਤੇ ਸਾਹ ਹੀ ਸਾਹਵਾਂ ਨੇ!

ਤੂੰ ਕਾਤਿਲ ਇਕ ਨੂੰ ਰੋਂਦਾ ਏਂ, ਏਥੇ ਹਰ ਹੱਥ ਨੇ ਤਲਵਾਰਾਂ,
ਹੈ ਹਰ ਇਕ ਵਾਰ ਲਈ ਕਾਹਲਾ, ਕਿਸੇ ਹੱਥ ਨਾ ਦਵਾਵਾਂ ਨੇ।

ਕਿਸੇ ਦੇ ਤਰਸ ਦਾ ਪਾਤਰ, ਜੇ ਬਣ ਕੇ ਜੀਅ ਲਵੇਂ ਕੋਮਲ,
ਉਮਰ ਭਰ ਜੀਣ ਨਈਂ ਦੇਣਾ, ਮੁਖ਼ਾਲਿਫ਼ ਜੋ ਹਵਾਵਾਂ ਨੇ!

42

ਦਲਾ ਦੇ ਮੋਹਰੀਓ ਰੁਕ ਜਓ, ਅਵਾਜ਼ੇ ਖਲਕ ਸੁਣ ਜਾਣੀ!
ਨਜ਼ਰ ਚੋਂ ਵਹਿ ਰਿਹਾ ਸੀ ਜੋ, ਗਿਆ ਬਣ ਖ਼ੂਨ ਹੈ ਪਾਣੀ!

ਅਮਨ ਦੀ ਅੱਖ ਰੋਂਦੀ ਹੈ, ਸਮਾਂ ਖਾਮੋਸ਼ ਬੇਬਸ ਹੈ,
ਮਲੀ ਜੋ ਕਾਲਖਾਂ ਜਾਂਦੇ, ਨਾ ਮਿਟਣੀ ਹੈ ਜੁਗਾਂ ਤਾਣੀ।

ਤੁਸੀਂ ਮੱਥੇ ਜਵਾਨੀ ਦੇ, ਲਿਖੀ ਕਿਉਂ ਮੌਤ ਜਾਂਦੇ ਜੇ,
ਕਦੇ ਸੁਲਝੀ ਨਾ ਸੁਲਝੇਗੀ, ਸਗੋਂ ਜਾਊ ਉਲਝ ਤਾਣੀ।

ਕਦੋਂ ਤਕ ਰਹੋਗੇ ਉਡਦੇ, ਤੁਸੀਂ ਲੈ ਪਰ ਇਹ ਲੋਹੇ ਦੇ,
ਗੁਜ਼ਰ ਜਾਵੇਗਾ ਜੀਵਨ ਸਭ, ਦਰੇ ਇਸ ਮੌਤ ਦੇ ਥਾਣੀ!

ਤੁਸੀਂ ਲੋਕਾਂ ਦੇ ਖ਼ਾਬਾਂ ਨੂੰ, ਪੜ੍ਹੋ ਉਹਨਾਂ ਦੇ ਚਿਹਰੇ ਤੋਂ,
ਬਣੋਗੇ ਇਉਂ ਤੁਸੀਂ ਆਖ਼ਿਰ, ਉਹਨਾਂ ਦੇ ਦਰਦ ਦੇ ਹਾਣੀ!

ਜਿਨ੍ਹਾਂ ਦੀ ਲੋੜ ਰੋਟੀ ਹੈ, ਉਨ੍ਹਾਂ ਨੂੰ ਗੋਲੀਆਂ ਵੰਡਦੇ,
ਦਰਿੰਦੇ ਹੈਂ ਸਿਆਰੇ ਨੇ, ਤੇ ਰਖਦੇ ਸੋਚ ਨੇ ਕਾਣੀ!

ਮਨਾਂ ਦੀ ਵੇਦਨਾ ਕੋਮਲ, ਕਦੇ ਨਾ ਸੁਣਨਗੇ ਬੋਲੇ
ਇਹ ਕਾਤਿਲ ਨੇ ਮਨੁਖਤਾ ਦੇ, ਜਿਨ੍ਹਾਂ ਲਈ ਖ਼ੂਨ ਵੀ ਪਾਣੀ।

43

ਢੋਏ ਦਰਾਂ ਤੇ ਲਿਖ ਦਉ, ਉਲਫ਼ਤ ਦੇ ਬੋਲ ਅਪਣੇ।
ਸੱਜਣਾਂ ਦੇ ਦਰ ਤੇ ਢੇਰੀ, ਕਰ ਦਉ ਜੁ ਕੋਲ ਅਪਣੇ।

ਬਦਲੀ ਸਮੇਂ ਦੀ ਧਾਰਾ, ਤੂੰ ਏਸ ਨੂੰ ਬਦਲ ਦੇ,
ਪੁੱਟੀਂ ਕਦਮ ਤੂੰ ਸਾਬਤ, ਰੱਖ ਪੈਰ ਸੋਹਲ ਅਪਣੇ!

ਤੂੰ ਮਨ ਦੀ ਆਰਸੀ ਵਿਚ, ਅਪਣਾ ਵੀ ਅਕਸ ਵੇਖੀਂ,
ਆਖੀਂ ਨਾ ਬੇਵਫ਼ਾ ਨੂੰ, ਦਿਲ ਨੂੰ ਫਰੋਲ ਅਪਣੇ!

ਤੇਰਾ ਤਾਂ ਕੰਮ ਸੀਗਾ, ਬਸ ਮੇਰੀ ਵੋਟ ਤੀਕਰ,
ਪੰਜ ਸਾਲ ਤੀਕ ਮੁੱਕ ਗਏ, ਹੁਣ ਮੇਲ ਜੋਲ ਅਪਣੇ!

ਢੂੰਡਣ ਤੁਰੀ ਸਿਤਾਰੇ, ਹੈ ਬਣ ਗਈ ਸਿਤਾਰਾ,
ਬਸ ਯਾਦ ਕਲਪਨਾ ਦੀ, ਜੁਗ ਤੀਕ ਕੋਲ ਅਪਣੇ।

ਹੱਥਾਂ ਨੂੰ ਬਖ਼ਸ਼ ਮੇਰੇ, ਬਸ ਕਿਰਤ ਪੇਟ ਜੋਗੀ,
ਨਾ ਸਬਰ ਨਾਪ ਮੇਰੇ, ਤੂੰ ਲੋਭ ਤੋਲ ਅਪਣੇ!

ਜੀਣਾਂ ਸਬਰ ਸ਼ੁਕਰ ਦਾ, ਦਸਦਾ ਏਂ ਹੋਰਨਾਂ ਨੂੰ,
ਸ਼ੇਅਰਾਂ 'ਚ ਹੋਰ ਲਿਖਦਾਂ, ਨਾ ਪੋਲ ਖੋਲ੍ਹ ਅਪਣੇ।

ਕਰਨਾ ਜੋ ਇਸ ਘੜੀ ਵਿਚ, 'ਨਾ ਟਾਲ ਉਸ ਘੜੀ ਤੇ,
ਲਿਖਦਾਂ ਗ਼ਜ਼ਲ ਜਦੋਂ ਮੈਂ, ਉਹ ਪਲ ਅਮੋਲ ਅਪਣੇ।

ਜਾਂਦੇ ਸਮੇਂ ਨੂੰ ਆਖੀਂ, ਸੁਣ ਜਾਇ ਸ਼ੇਅਰ ਮੇਰੇ
ਲਿਖਦਾ ਸਦਾ ਜੁ ਕੋਮਲ, ਹੁੰਦੇ ਨਿਰੋਲ ਅਪਣੇ।

44

ਮੇਰੀ ਤਲੀ ਨਾ ਉੱਗੀਆਂ, ਉਲਫ਼ਤ ਦੀਆਂ ਲਕੀਰਾਂ!
ਕਰ ਗਏ ਨੇ ਉਹ ਵਸੀਅਤ, ਬਿਰਹੋਂ ਦੀਆਂ ਜਗੀਰਾਂ!

ਬਣ ਗਈ ਨਸੀਬ ਮੇਰਾ, ਤੇਰੀ ਜੁ ਬੇਵਫ਼ਾਈ,
ਸੁੱਕਣਾ ਨਾ ਉਮਰ ਸਾਰੀ, ਅੱਖਾਂ ਚੋਂ ਵਹਿੰਦੇ ਨੀਰਾਂ।

ਉਸ ਧਰਤ ਵਰਗੀ ਮਾਂ ਦੇ, ਬੁੱਲ੍ਹਾਂ ਤੇ ਨਿਤ ਅਸੀਸਾਂ,
ਮਮਤਾ ਦਾ ਸੋਮਾ ਦਿਲ ਸੀ, ਤੇ ਬੋਲ ਵਾਂਗ ਪੀਰਾਂ।

ਕਰਜ਼ੇ ਸੁਪਨ ਪਿਤਾ ਦੇ, ਮੈਥੋਂ ਗਏ ਨਾ ਮੋੜੇ,
ਬਸ ਨੂੜਿਆ ਸੀ ਮੈਨੂੰ, ਫ਼ਰਜ਼ਾਂ ਦੀਆਂ ਜ਼ੰਜੀਰਾਂ!

ਇਕ ਧਰਤ ਦੀ ਵਸੀਅਤ, ਹੋਈ ਜੁ ਨਾਮ ਅੱਜ ਤੱਕ,
ਬਣਦਾ ਉਸੇ ਦਾ ਠੇਕਾ, ਦਿੱਤਾ ਅਜੇ ਨਾ ਵੀਰਾਂ!

ਰੂਹਾਂ ਨੂੰ ਬੇਅਰਾਮੀ, ਮੁੱਢ ਤੋਂ ਸਦਾ ਰਹੀ ਏ,
ਕਢਣਾ ਸਮਾਂ ਹੈ ਕਿੰਨਾ, ਏਨਾਂ ਬੋਦਿਆਂ ਸਰੀਰਾਂ!

ਤੇਰੀ ਨਜ਼ਰ ਪਈ ਨਾ, ਦਿਲ ਦੇ ਲੰਗਾਰ ਵੇਂਹਦੋਂ,
ਇਹ ਬੋਲ ਮਲੂਮ ਬਣਦੇ, ਵੱਜਦੇ ਨਾ ਵਾਂਗ ਤੀਰਾਂ!

ਖੁਸ਼ਬੋ ਦੇ ਮੌਸਮਾਂ ਚੋਂ, ਖੇੜੇ ਗਏ ਨੇ ਛੁਪ ਕੇ,
ਇਸ ਹਾਲ ਵਿਚ ਹੀ ਰਹਿਣਾ, ਕਿੰਨਾ ਕੁ ਚਿਰ ਫ਼ਕੀਰਾਂ!

ਹੁਣ ਤਾਂ ਸਮੇਂ ਦੇ ਕੈਦੋ, ਤੂੰ ਬਦਲ ਅਪਣੇ ਕਾਰੇ,
ਕੋਮਲ ਅਸੀਸ ਦੇਵੀਂ, ਵੱਸ ਲੈਣ ਹੁਣ ਤਾਂ ਹੀਰਾਂ।

45

ਮਹੱਲ ਦੇ ਢਹਿਣਗੇ ਕਿੰਗਰੇ, ਇਹ ਤਖ਼ਤੋਂ ਤਾਜ ਡੋਲਣਗੇ!
ਭੁਲਾ ਕੇ ਬੇਬਸੀ ਅਪਣੀ, ਜਦੋਂ ਮਜਬੂਰ ਬੋਲਣਗੇ!

ਤਿਰੇ ਇਨਸਾਫ਼ ਦੀ ਤੱਕੜੀ, ਨਹੀਂ ਸੀ ਤੋਲਦੀ ਪੂਰਾ,
ਸਮੇਂ ਵੀ ਆਉਣਗੇ ਐਸੇ, ਜੁ ਇਸ ਦੇ ਭੇਤ ਖੋਲ੍ਹਣਗੇ!

ਮਿਰੇ ਬੂਹੇ ਤੇ ਬਹਿ ਗਏ ਨੇ, ਤਲਾਸ਼ਣਗੇ ਇਹ ਘਰ ਚੋਂ ਹੀ,
ਜੇ ਏਥੇ ਵੀ ਨਾ ਮੈਂ ਮਿਲਿਆ, ਮਿਰੇ ਖ਼ਾਬਾਂ ਚੋਂ ਟੋਲਣਗੇ!

ਬੜੇ ਬੇਦਰਦ ਨੇ ਅਪਣੇ, ਜੋ ਗੈਰਾਂ ਲਈ ਬਣੇ ਮੁਖ਼ਬਰ,
ਇਨਾਂ ਹੱਥਾਂ ਤੇ ਕੀ ਚੁੱਕਣਾਂ ਏਂ, ਇਹ ਪੈਰਾਂ 'ਚ ਰੋਲਣਗੇ।

ਜਵਾਨੀ ਜਾ ਰਹੀ ਤੇਰੀ, ਜਦੋਂ ਸ਼ੀਸ਼ੇ ਨੇ ਦੱਸਣਾ ਹੈ,
ਬਜ਼ੁਰਗੀ ਤੋਂ ਜੁ ਡਰਦੇ ਨੇ, ਤਲੀ ਤੇ ਮਹਿੰਦੀ ਘੋਲਣਗੇ!

ਅਸੀਂ ਤਾਂ ਵੋਟ ਅਪਣੀ ਤੇ, ਸਦਾ ਹੱਕ ਮੰਨ ਲਿਆ ਤੇਰਾ,
ਪਤਾ ਨਹੀਂ ਸੀ ਅਸਾਡੇ ਲਈ, ਤਿਰੇ ਈਮਾਨ ਡੋਲਣਗੇ!

ਜੇ ਰਹਿਮੋ ਕਰਮ ਅਪਣੇ ਤੇ ਅਸੀਂ ਕਰਦੇ ਤਾਂ ਬਚ ਜਾਂਦੇ,
ਪਤਾ ਨਾ ਸੀ ਵਫ਼ਾ ਸਾਡੀ, ਇਨ੍ਹਾਂ ਵੱਟਿਆਂ ਨਾ ਤੋਲਣਗੇ।

ਅਸੀਂ ਛਡ ਤੇ ਸਿਤਮ ਜਰਨੇ, ਲਿਆ ਏ ਬਦਲ ਰਾਹਾਂ ਨੂੰ,
ਉਨ੍ਹਾਂ ਦੀ ਜੁਰਅਤ ਨਹੀਂ ਏਨੀ ਕਿ ਪੈਰਾਂ ਥੀਂ ਮਧੋਲਣਗੇ।

ਜੇ ਹੱਕ ਤੇ ਸੱਚ ਲਈ ਕੋਮਲ, ਤੂੰ ਲੜ ਕੇ ਚੜ੍ਹ ਗਿਆ ਸੂਲੀ
ਤਾਂ ਬੀਤੀ ਉਮਰ ਦੇ ਪੰਨੇ, ਪਏ ਇਤਿਹਾਸ ਫੋਲਣਗੇ।

46

ਨਹੀਂ ਜੇ ਦਰਦ ਅਪਣੇ ਦੀ, ਦਵਾ ਸਾਨੂੰ ਬਣਾਉਣਾ ਸੀ
ਤਾਂ ਦੇ ਕੇ ਵਾਸਤਾ ਜ਼ਖ਼ਮਾਂ ਦਾ ਫਿਰ ਕਾਹਨੂੰ ਬੁਲਾਉਣਾ ਸੀ।

ਵਫ਼ਾ ਕਰਨਾ ਧਰਮ ਅਪਣਾ, ਤਰਸ ਕਰਨਾ ਬਿਤਰਸਾਂ ਤੇ,
ਤਿਰੇ ਇਸ ਕਰਮ ਕਰਕੇ ਹੀ, ਦਿਲਾਂ ਨੂੰ ਚੈਨ ਆਉਣਾ ਸੀ।

ਤੁਸੀਂ ਦੋ ਕਦਮ ਤੁਰ ਰੁੱਕ ਗਏ, ਅਸੀਂ ਤਾਂ ਤੋੜ ਨਿਭਣਾ ਸੀ,
ਲੰਮੇਰਾ ਪੰਧ ਉਮਰਾਂ ਦਾ, ਤੁਸਾਂ ਕਿੱਥੇ ਨਿਭਾਉਣਾ ਸੀ!

ਤੁਸੀਂ ਜੇ ਮੁੱਲ ਮੁੜ੍ਹਕੇ ਦਾ, ਕਿਤੇ ਕੌਡੀ ਵੀ ਪਾ ਦੇਂਦੇ,
ਤਲੀ ਤੇ ਜਾਨ ਰੱਖ ਕੇ ਵੀ, ਅਸਾਂ ਵਾਅਦਾ ਪੁਗਾਉਣਾ ਸੀ!

ਤਜਰਬੇ ਤਲਖ਼ ਹੁੰਦੇ ਨੇ, ਖ਼ੁਦਾ ਦੀ ਖ਼ਲਕ ਹੀ ਐਸੀ,
ਮਨਾਂ ਦੇ ਮੀਤ ਨਾ ਮਿਲਦੇ, ਕਿਸੇ ਦਿਲ ਕੀ ਵਰਾਉਣਾ ਸੀ।

ਸਮਝਦੇ ਕਿਉਂ ਨੇ ਸਭ ਕੁਝ ਹੀ, ਭਲਾ ਇਹ ਦੌਲਤਾਂ ਲੋਕੀਂ,
ਦਿਲਾਂ ਸੰਗ ਖੇਡਦੇ ਅਕਸਰ, ਇਨਾਂ ਲਈ ਰੱਬ ਖਿਡਾਉਣਾ ਸੀ।

ਰਹੇ ਬਣਿਆ ਸਦਾ ਪਰਦਾ, ਦੂਆ ਤਾਂ ਸੀ ਹਨੇਰੇ ਦੀ,
ਲਿਜਾਵਣ ਲੁੱਟ ਕੇ ਚਾਨਣ, ਉਨ੍ਹਾਂ ਤਾਂ ਨ੍ਹੇਰ ਪਾਉਣਾ ਸੀ।

ਵਫ਼ਾਵਾਂ ਵੀ ਵਿਕਾਊ ਨੇ, ਤਜਾਰਤ ਹੈ ਈਮਾਨਾਂ ਦੀ,
ਸ਼ਰਾਫ਼ਤ ਦਾ ਬਜਾਰਾਂ ਵਿਚ, ਕਿਸੇ ਕੀ ਮੁੱਲ ਪਾਉਣਾ ਸੀ।

ਤੇਰੇ ਨਾ ਆਉਣ ਦੇ ਕੋਮਲ, ਬਹਾਨੇ ਲੱਖ ਹੋਵਣਗੇ,
ਅਸਾਂ ਤਾਂ ਦੀਦ ਦੀ ਖ਼ਾਤਿਰ, ਤਿਰੀ ਮਹਿਫ਼ਲ 'ਚ ਆਉਣਾ ਸੀ।

47

ਦਵਾ ਚੁੱਪ ਤੇ ਉਦਾਸੀ ਦੀ, ਤਬੀਬਾ ਕੋਲ ਰਖਿਆ ਕਰ।
ਚਲਾਉਣੀ ਵੈਦਗੀ ਜੇਕਰ, ਤਾਂ ਮਿੱਠੜੇ ਬੋਲ ਰਖਿਆ ਕਰ।

ਤਿਰਾ ਬਣ ਕੇ ਹੀ ਇਕ ਬਿੰਦੂ, ਨਹੀਂ ਸਰਨਾ ਇਹ ਭੁਲ ਜਾਵੀਂ,
ਇਹ ਬਸ ਇਕ ਦੌੜ ਹੈ ਜੀਵਨ, ਤੂੰ ਦਾਇਰਾ ਗੋਲ ਰਖਿਆ ਕਰ!

ਜਮਾਨਾਂ ਝਾਜਰਾਂ ਦੇਊ, ਮਗਰ ਇਸ ਚਾਅ ਨਹੀਂ ਦੇਣੇ,
ਅਦਾਵਾਂ ਵੇਚ ਨਾ ਦੇਵੀਂ, ਤੂੰ ਅੱਡੀਆਂ ਸੋਹਲ ਰਖਿਆ ਕਰ!

ਇਹ ਦਿਲ ਹੁਣ ਧੜਕਣਾ ਭੁੱਲਿਆ, ਉਹ ਅੱਖ ਭਰ ਵੇਖ ਗਏ ਜਦ ਦੇ,
ਤਜਾਰਤ ਜੇ ਵਫ਼ਾਵਾਂ ਦੀ, ਤਾਂ ਸਾਂਵੇਂ ਤੋਲ ਰਖਿਆ ਕਰ!

ਲਏ ਅਰਮਾਨ ਅਪਣੇ ਨੇ, ਅਸਾਂ ਵਿਚ ਰੋਲ ਕੱਖਾਂ ਦੇ,
ਤੇ ਦੱਸਿਆ ਫਿਰ ਕਿਸੇ ਦਾਨੇ, ਲੁਕਾ ਕੇ ਝੋਲ ਰਖਿਆ ਕਰ!

ਬਹੁਤ ਹੀ ਸੋਹਲ ਨੇ ਰੀਝਾਂ, ਦਿਲਾਂ ਦੇ ਮਾਮਲੇ ਨਾਜ਼ੁਕ,
ਬਚਾ ਕੇ ਜਗ ਦੀਆਂ ਨਜ਼ਰਾਂ, ਕਿਤੇ ਤੂੰ ਅਡੋਲ ਰਖਿਆ ਕਰ!

ਮਿਆਰੀ ਨੇ ਬੜੇ ਵਾਅਦੇ, ਤੇ ਔਖੇ ਨਿਭਣਗੇ ਲਗਦੈ,
ਖ਼ਜ਼ਾਨਾ ਯਾਦ ਉਹਦੀ ਦਾ, ਬਣਾ ਅਨਮੋਲ ਰਖਿਆ ਕਰ!

ਸਮਰਪਿਤ ਯਾਦ ਉਸਦੀ ਨੂੰ, ਜੇ ਆਪਾ ਕਰ ਲਿਆ ਕੋਮਲ,
ਕਥਨ ਜੋ ਹਾਣ ਦੇ ਹੋਵਣ, ਉਨ੍ਹਾਂ ਦਾ ਬੋਹਲ ਰਖਿਆ ਕਰ।

48

ਹੰਢਾ ਲਈ ਚੁੱਪ ਹੈ ਏਨੀ, ਬੜਾ ਟੁੱਟ ਜਾਣ ਦਾ ਗ਼ਮ ਹੈ।
ਮੈਂ ਰਾਤਾਂ ਜਾਗ ਕੇ ਕੱਟੀਆਂ, ਦਿਨੇ ਲੁੱਟ ਜਾਣ ਦਾ ਗ਼ਮ ਹੈ।

ਘਰੋਂ ਜਾਂਦੇ ਤੇਰੇ ਨੈਣੀਂ, ਨਾ ਕਤਰਾ ਨੀਰ ਸੀ ਮੋਹ ਦਾ,
ਕਿ ਹੁਣ ਤਾਂ ਆਸ ਦਾ ਬੂਟਾ, ਜੜ੍ਹੋਂ ਪੁੱਟ ਜਾਣ ਦਾ ਗਮ ਹੈ!

ਮੈਂ ਜਿਸ ਛਾਂ ਦੇ ਭਰੋਸੇ ਤੇ, ਥਲੀਂ ਗਾਲੀ ਉਮਰ ਸਾਰੀ,
ਕਿ ਹੁਣ ਤਾਂ ਜ਼ਿੰਦਗੀ ਚੋਂ ਓਸ ਦੇ ਛੁਟ ਜਾਣ ਦਾ ਗਮ ਹੈ!

ਤਿਰੇ ਇਕ ਬੋਲ ਤੇ ਪਹਿਰਾ, ਜੇ ਦੇਂਦਾ ਨਾ ਤਾਂ ਫਿਰ ਕਹਿੰਦੋਂ,
ਵਫ਼ਾ ਮੇਰੀ ਦੇ ਕਰ ਟੋਟੇ, ਦਰੀਂ ਸੁੱਟ ਜਾਣ ਦਾ ਗ਼ਮ ਹੈ।

ਜੇ ਬੁੱਝ ਗਏ ਆਸ ਦੇ ਦੀਵੇ, ਤਾਂ ਚਾਨਣ ਕਿਸ ਦੀ ਕਿਸਮਤ ਵਿਚ,
ਬੇਦਰਦਾ ਸੀ ਮਿਰੇ ਹਾਸੇ, ਤਿਰੇ ਘੁੱਟ ਜਾਣ ਦਾ ਗਮ ਹੈ।

ਲਏ ਗੁਰਬਤ ਨੇ ਲੁਟ ਹਾਸੇ, ਤੇ ਨੀਂਦਾਂ ਖਾ ਗਏ ਝੋਰੇ,
ਜ਼ਿਆਦਾ ਖ਼ਾਬ ਤੇਰੇ ਦਾ, ਅਸਹਿ ਲੁੱਟ ਜਾਣ ਦਾ ਗ਼ਮ ਹੈ!

ਤੂੰ ਕੋਮਲ-ਕਲਮ 'ਨਾ ਹਾਸੇ, ਲਿਖੇ ਅਪਣੇ ਨਸੀਬਾਂ ਵਿਚ,
ਤੇ ਪੰਡਾਂ ਗਮ ਦੀਆਂ ਵਿਹੜੇ, ਮਿਰੇ ਸੁੱਟ ਜਾਣ ਦਾ ਗ਼ਮ ਹੈ।

49

ਤਿਰੇ ਦਰ ਢਹਿਣ ਦਾ ਸੁਖ ਹੀ, ਕਰੇ ਸਰਸ਼ਾਰ ਰੂਹਾਂ ਨੂੰ।
ਤਿਰਾ ਜਦ ਨੂਰ ਵੱਸਦਾ ਹੈ, ਕਰੇ ਗੁਲਜ਼ਾਰ ਰੂਹਾਂ ਨੂੰ।

ਕਿਸੇ ਦਹਿਲੀਜ਼ ਤੇ ਢਹਿ ਕੇ, ਲਿਆ ਧਰ ਤਾਜ ਸਿੱਖੀ ਦਾ,
ਜੇ ਸਿਰ ਵੀ ਕਰ ਦਏ ਅਰਪਨ, ਕਰੇ ਸਰਦਾਰ ਰੂਹਾਂ ਨੂੰ।

ਬੜੇ ਤੂਫ਼ਾਨ ਵੇਖੇ ਨੇ, ਬੜੀ ਹੀ ਨ੍ਹੇਰ ਗਰਦੀ ਵੀ,
ਜੇ ਰਹਿਮਤ ਹੋ ਜਾਏ ਉਸਦੀ, ਕਰੇ ਦਮਦਾਰ ਰੂਹਾਂ ਨੂੰ।

ਤਿਰੇ ਦਰ ਵੇਖ ਕੇ ਖੁੱਲ੍ਹੇ, ਜੁ ਢੁੱਕਦੀ ਹੈ ਖਲਕ ਏਨੀ,
ਸਿਰੋਪਾ ਪਿਆਰ ਦਾ ਮਿਲਦਾ, ਮਿਲੇ ਸਤਿਕਾਰ ਰੂਹਾਂ ਨੂੰ।

ਗੁਰੂ ਦਾ ਘਰ ਵੀ ਸੋਨੇ ਦਾ, ਤੇ ਵੱਧ ਕੇ ਬੋਲ ਸੋਨੇ ਤੋਂ,
ਸਦੀਵੀ ਬਖ਼ਸ਼ਦਾ ਮਸਤੀ, ਤਿਰਾ ਦਰਬਾਰ ਰੂਹਾਂ ਨੂੰ।

ਕਰਮ ਕੀਤੇ ਜੁ ਮਨ ਕਰਕੇ, ਅਸਰ ਅੰਦਾਜ਼ ਹੁੰਦੇ ਨੇ,
ਸੁਭਾਅ ਬਣਦੇ ਉਹੋ ਆਖ਼ਿਰ, ਤੇ ਦੇਂਦੇ ਤਾਰ ਰੂਹਾਂ ਨੂੰ।

ਅਮੁੱਲਾ ਜਲ ਵੀ ਹੈ 'ਸਰ' ਦਾ, ਦਿਨੇ ਰਾਤੀਂ ਘੁਲੇ ਬਾਣੀ,
ਗੁਰੂ ਸੰਗ ਜੋੜਦੀ ਚੁੱਭੀ, ਦਵੇ ਇਹ ਖ਼ੁਮਾਰ ਰੂਹਾਂ ਨੂੰ।

ਧੁਆਂਖੇ ਲੇਖ ਵੀ ਚਿੱਟੇ, ਰਹੇ ਹੁੰਦੇ ਤੇ ਹੋਵਣਗੇ,
ਬਖ਼ਸ਼ ਹੈ ਏਸ ਦਰ ਤਾਈਂ, ਅਜੇ ਇਤਬਾਰ ਰੂਹਾਂ ਨੂੰ।

ਗੁਰੂ ਬੋਲਾਂ ਦੀ ਕਰ ਰਾਖੀ, ਤੇ ਦੇਹ ਸਿੱਖ-ਸੋਚ 'ਤੇ ਪਹਿਰਾ,
ਗੁਰੂ ਤੋਂ ਹੋਣ ਜੋ ਸਦਕੇ ਕਰੇ ਹੱਕਦਾਰ ਰੂਹਾਂ ਨੂੰ

ਇਹ ਸਰਦਲ ਮਰਮਰੀ ਕੋਮਲ ਨਸੀਬੀਂ ਹੋਏ ਜੋ ਤੇਰੇ,
ਇਹ ਮੋਇਆਂ ਲਈ ਹਯਾਤੀ ਹੈ, ਕਰੇ ਖ਼ੁਦਦਾਰ ਰੂਹਾਂ ਨੂੰ।

50

ਦਰਾਂ ਤੇ ਦਸਤਕਾਂ ਦੇਵੋ, ਉਠੋ ਜਾਗੋ ਸਵੇਰੇ ਲਈ!
ਸਦਾ ਰੋਸ਼ਨ ਜ਼ਮੀਰਾਂ ਦੀ, ਚੁਣੌਤੀ ਹੈ ਹਨੇਰੇ ਲਈ!

ਕਰੋ ਹੀਲਾ ਸ਼ਮਾ ਰੋਸ਼ਨ ਧਰੋ ਹਿੱਕ ਤੇ ਹਨੇਰੇ ਦੀ,
ਵਫ਼ਾ ਦਾ ਚਾਨਣਾ ਲੈ ਕੇ, ਅਸੀਂ ਜੀਂਦੇ ਹਾਂ ਤੇਰੇ ਲਈ!

ਕਿ ਮੋਹਲਤ ਮੁੱਕਦੀ ਦਿਸਦੀ ਹੈ ਬਖਸ਼ੇ ਤੇਰੇ ਸਾਹਾਂ ਦੀ,
ਤਿਰਾ ਨਾ ਮੇਰੇ ਸੰਗ ਹੋਣਾ, ਬੜੀ ਹੈ ਔਖ ਮੇਰੇ ਲਈ!

ਤਿਰੇ ਦੋ ਬੋਲ ਜੀਵਨ ਨੇ, ਤਿਰੀ ਚੁੱਪ ਮੌਤ ਤੋਂ ਬਦਤਰ,
ਦਿਲਾ ਸਤਿਕਾਰ ਰਖਿਆ ਕਰ, ਤੂੰ ਅਪਣੇ ਤੋਂ ਵਡੇਰੇ ਲਈ।

ਬੜਾ ਹੈ ਸਾਂਭਿਆ ਦਿਲ ਨੂੰ, ਤੇ ਵਰਜੇ ਨੈਣ ਵੀ ਰੱਜ ਕੇ,
ਬਲੀ ਖ਼ਾਬਾਂ ਦੀ ਹੁਣ ਬਾਕੀ, ਹੈ ਇਸ਼ਕੇ ਦੇ ਜਠੇਰੇ ਲਈ।

ਵਜਾਉਂਦਾ ਪੈਰ ਦੀ ਬੇੜੀ, ਤੇ ਨਗਮਾ ਗਾਏ ਜੀਵਨ ਦਾ,
ਇਸੇ ਹੀ ਹਾਲ ਤੁਰਿਆ ਹੈ, ਇਹ ਫੱਕਰ ਤੇਰੇ ਡੇਰੇ ਲਈ।

ਇਬਾਦਤ ਉਮਰ ਭਰ ਦੀ ਹੈ, ਨਸੀਬੀ ਹੋਣਗੇ ਵਰ ਵੀ,
ਉੱਠਣਗੇ ਹੱਥ ਜਦ ਕੋਮਲ, ਦੁਆ ਹੋਊ ਚੁਫ਼ੇਰੇ ਲਈ।

51

ਦਿਲ ਦਾ ਤੰਦੂਰ ਤਪਦਾ, ਬਿਰਹੋਂ ਦੇ ਟੁੱਕ ਲਾਉਂਦਾਂ।
ਉੱਠੇ ਜੇ ਹੂਕ ਮਨ ਚੋਂ, ਪੀੜਾਂ ਦੇ ਗੀਤ ਗਾਉਂਦਾਂ!

ਆਵਣ ਉਹ ਯਾਦ ਮੰਜ਼ੂਰ, ਭੁੱਲਣ ਨਾ ਯਾਰ ਥਾਂਵਾਂ
ਰਾਤਾਂ ਦੇ ਪਲੰਘ ਪੈਕੇ, ਅਰਸ਼ੀਂ ਜਾਂ ਅੱਖ ਮਿਲਾਉਂਦਾ।

ਤੇਰੇ ਉਹ ਬੋਲ ਮੋਹੀ, ਖਾ ਲਏ ਕਿਸੇ ਦੀ ਨਜ਼ਰਾਂ,
ਵਾਰਾਂ ਉਨ੍ਹਾਂ ਤੋਂ ਮਿਰਚਾਂ, ਬਿਰਹੋਂ ਦੀ ਭੱਠ ਪਾਉਂਦਾਂ!

ਇਸ ਦਰਦ 'ਤੇ ਦਵਾ ਨਾ, ਕਰਦੀ ਅਸਰ ਹੈ ਦਿਸਦੀ,
ਦਰ ਰਹਿ ਗਿਆ ਖ਼ੁਦਾ ਦਾ, ਉਸ ਤੇ ਹੀ ਸਿਰ ਝੁਕਾਉਂਦਾਂ।

ਚਸ਼ਮੇ ਸੀ ਹਾਸਿਆਂ ਦੇ, ਜੋ ਬੁੱਲ੍ਹ ਗਏ ਨੇ ਸੀਤੇ,
ਮੈਂ ਅੱਗ ਅਪਣੇ ਦਿਲ ਦੀ, ਹੰਝੂਆਂ ਦੇ ਸੰਗ ਬੁਝਾਉਂਦਾਂ।

ਨਾ ਤਰਸ ਹੀ ਹੈ ਤੈਨੂੰ, ਮੈਥੋਂ ਵੀ ਸਹਿ ਨਾ ਹੋਵੇ,
ਸਾਹਾਂ ਬਿਨਾਂ ਹਾਂ ਜੀਂਦਾ, ਮੁਰਦਾ ਪਿਆ ਕਹਾਉਂਦਾਂ।

ਵਸਦਾ ਨਜ਼ਰ ਦੇ ਸਾਂਹਵੇ, ਕਰਦਾ ਨਾ ਬੋਲ ਸਾਂਝਾ,
ਅਪਣਾ ਬਿਗਾਨੇ ਵਾਂਗੂ, ਰਿਸ਼ਤਾ ਇਹ ਕਿੰਵ ਹੰਢਾਉਂਦਾ।

ਕਸਮਾਂ ਤੇ ਵਾਦਿਆਂ ਨੂੰ, ਰਸਮਾਂ ਬਣਾ ਨਾ ਕੋਮਲ,
ਅਪਣਾ ਅਖ਼ੀਰ ਅਪਣਾ, ਉਸ ਬਾਝ ਕਿਹੜੇ ਥਾਉਂ ਦਾ।

52

ਕੋਈ ਵੀ ਰੋਕ ਨਾ ਸਕਿਆ, ਇਹ ਡਾਕਟਰ ਵੀ ਦਵਾਵਾਂ ਵੀ
ਗਿਆ ਲੈ ਨਾਲ ਹੀ ਅਪਣੇ, ਉਹ ਮਹਿਕਾਂ ਵੀ ਤੇ ਛਾਂਵਾਂ ਵੀ!

ਸਮੇਂ ਨੇ ਤੋਰ ਅਪਣੀ ਹੀ, ਤੁਰੇ ਜਾਣਾ ਮੁਕਾ ਪੈਂਡੇ,
ਤਿਰੇ ਬਿਨ ਕੰਮ ਕੀ ਸਾਡੇ, ਬਹਾਰਾਂ ਵੀ ਖਿਜ਼ਾਵਾਂ ਵੀ!

ਡੁੱਲ੍ਹੇ ਹਰ ਅੱਖ ਭਰ ਭਰ ਕੇ, ਉੱਠੇ ਹੁਣ ਹੌਲ ਹਰ ਦਿਲ ਚੋਂ,
ਤੇ ਹਰ ਚਿਹਰੇ 'ਤੇ ਖ਼ਾਮੋਸ਼ੀ ਹੈ ਗਈਆਂ ਭੱਜ ਬਾਹਵਾਂ ਵੀ!

ਅਸੀਂ ਤਾਂ ਦਰਦ ਤੇਰੇ ਲਈ, ਦਵਾ ਬਣਦੇ, ਦੁਆ ਬਣਦੇ,
ਇਹ ਲੱਗੀਆਂ ਕਿਉਂ ਨਹੀਂ ਤੈਨੂੰ, ਦਵਾਵਾਂ ਵੀ ਦੁਆਵਾਂ ਵੀ!

ਤਿਰੇ ਤੁਰ ਜਾਣ ਦੇ ਚਰਚੇ ਤੋਂ ਮੌਸਮ ਮਾਤਮੀ ਹੋਇਆ,
ਹੈ ਲਗਦੀ ਧੁੱਪ ਵੀ ਸੋਗੀ, ਅਤੇ ਰੋਵਣ ਹਵਾਵਾਂ ਵੀ!

ਜੇ ਲੈ ਗਈ ਮੌਤ ਹੈ ਖੋਹ ਕੇ, ਤੂੰ ਧੜਕੇਂਗਾ ਦਿਲੀਂ ਸਾਡੇ,
ਰਖਣਗੇ ਯਾਦ ਨੂੰ ਜੀਂਦੀ, ਇਹ ਰਾਹਵਾਂ ਵੀ ਇਹ ਥਾਵਾਂ ਵੀ।

(ਸਨੇਹੀ ਹਰਮਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ)

53
ਇਹ ਮਨ ਦੀ ਆਰਸੀ ਵੇਖੀਂ, ਤੇ ਦਿਲ ਨੂੰ ਫੋਲ ਕੇ ਵੇਖੀਂ,
ਸਮਾਂ, ਕੁਦਰਤ ਤੇ ਕਾਦਰ ਦੇ ਤੂੰ ਰੰਗ ਵਿਚ ਘੋਲ ਕੇ ਵੇਖੀਂ।

ਉਮਰ ਦੇ ਪੈਂਡਿਆਂ ਤੈਨੂੰ, ਪਤਾ ਨਹੀਂ ਬਖਸ਼ਣੀ ਮੰਜ਼ਿਲ,
ਪਕੇਰਾ ਕਰ ਅਕੀਦੇ ਨੂੰ, ਤੇ ਰੱਬ ਨੂੰ ਬੋਲ ਕੇ ਵੇਖੀਂ।

ਤੂੰ ਬੰਦਾ ਏਂ ਤੇ ਬਣ ਬੰਦਾ, ਰਿਹਾ ਕਰ ਵਾਂਗ ਬੰਦਿਆਂ ਦੇ,
ਗੁਆਚੀਂ ਨਾ ਕਦੇ ਅਪਣੇ 'ਚੋਂ ਖ਼ੁਦ ਨੂੰ ਟੋਲ ਕੇ ਵੇਖੀਂ।

ਹੰਢਾਏ ਖ਼ੂਨ ਦੇ ਰਿਸ਼ਤੇ, ਕਦੇ ਰੂਹਾਂ ਦੇ ਵੀ ਪਰਖੀਂ,
ਕਿਤੇ ਦਿਲ ਦੇ ਤਰਾਜ਼ੂ ਪਾ, ਇਨਾਂ ਨੂੰ ਤੋਲ ਕੇ ਵੇਖੀਂ।

ਨਿਛਾਵਰ ਹੋਣਗੇ ਇਕ ਦਿਨ, ਤੇਰੇ ਤੋਂ ਖ਼ੂਨ ਹੀ ਬਣਕੇ,
ਤੁਰੀਂ ਰਖ ਕੇ ਕਦਮ ਸਾਬਤ, ਪਸੀਨਾ ਡੋਲ੍ਹ ਕੇ ਵੇਖੀਂ।

ਰਵੇਂ ਭੁੱਜਦਾ ਸਦਾ ਕੋਮਲ, ਲੁਕੋ ਕੇ ਦਰਦ ਅਪਣੇ ਨੂੰ,
ਕਦੇ ਤੂੰ ਗੰਢ ਦਿਲ ਦੀ ਨੂੰ, ਸਜਣ ਸੰਗ ਖੋਲ੍ਹ ਕੇ ਵੇਖੀਂ।

54

ਬੜੇ ਖ਼ੁਦਗਰਜ਼ ਸਨ ਚਾਨਣ, ਬੜੇ ਬੇਦਰਦ ਨ੍ਹੇਰੇ ਨੇ।
ਵਣਜ ਮੈਂ ਰਾਤ ਦੇ ਕੀਤੇ, ਕਿ ਪਾ ਗਹਿਣੇ ਸਵੇਰੇ ਨੇ।

ਸਫੈਦੀ ਖ਼ੂਨ ਤੇਰੇ ਦੀ, ਵਫ਼ਾ ਵਿਚ ਰੰਗ ਨਾ ਹੋਈ
ਤੂੰ ਸੂਹੇ ਲਾਲ ਵਾਅਦੇ ਵੀ, ਕਰੇ ਸੱਜਣਾਂ ਬਥੇਰੇ ਨੇ।

ਤਰਸ ਕੀਤਾ ਨਾ ਵੇਹੜੇ ਤੇ, ਉਮਰ ਹੈ ਬੀਤ ਗਈ ਸਾਰੀ,
ਹੋਏ ਦਰ ਉਡੀਕਦੇ ਬੁੱਢੇ, ਬੜੇ ਤੜਪੇ ਬਨੇਰੇ ਨੇ।

ਕਿਸੇ ਚਾਅ ਦਾ ਈ ਮਰ ਜਾਣਾ, ਕਰੇਗਾ ਮਾਤਮੀ ਮੌਸਮ,
ਬ੍ਰਿਹੋਂ ਦੇ ਕਾਲਿਆਂ ਬੱਦਲਾਂ ਨੇ ਚਿੱਟੇ ਹੰਝ ਕੇਰੇ ਨੇ।

ਜਦੋਂ ਹੋਣੇ ਵਫ਼ਾ ਵਾਅਦੇ, ਉਡੀਕਾਂ ਨੇ ਜਾਂ ਮੁੱਕ ਜਾਣਾ
ਵਸਲ ਦੇ ਰੰਗ ਜਦ ਖਿੜਨੇ, ਮਹਿਕ ਉੱਠਣੇ ਬਸੇਰੇ ਨੇ।

ਖਿੜਨ ਦਾ ਹੁਕਮ ਜਦ ਹੋਊ, ਵੰਡੀਚੇਗੀ ਤਦੇ ਖੁਸ਼ਬੂ,
ਪਏ ਫੁੱਲ ਜਾਗਦੇ ਭਾਵੇਂ, ਅਜੇ ਸੁੱਤੇ ਫੁਲੇਰੇ ਨੇ।

ਨਹੀਂ ਕੇਰੇ ਜਿਨ੍ਹਾਂ ਹੰਝੂ, ਸਰਾਂ ਦੇ ਲਾਲ ਪਾਣੀ ਤੇ,
ਨਜ਼ਰ ਦੇ ਸਾਹਮਣੇ ਕੋਮਲ, ਗਏ ਉੱਜੜ ਉਹ ਡੇਰੇ ਨੇ।

55

ਜੇ ਉਸ ਨੂੰ ਫ਼ਿਕਰ ਹੁੰਦੀ ਤਾਂ ਉਹ ਫੱਟ ਦੀ ਥਾਂ ਮਲ੍ਹਮ ਬਣਦਾ!
ਨਸੀਬਾ ਲਿਖਣ ਲਈ ਮੇਰਾ, ਸਿਆਹੀ ਜਾਂ ਕਲਮ ਬਣਦਾ!

ਲਕੀਰਾਂ ਟੱਪ ਨਾ ਹੋਈਆਂ, ਦੀਵਾਰਾਂ ਤੋੜ ਨਾ ਹੋਈਆਂ,
ਕਿਤੇ ਜੇਰਾ ਜੇ ਕਰ ਲੈਂਦਾ, ਤਾਂ ਕਿਉਂ ਨਾ ਫਿਰ ਬਲਮ ਬਣਦਾ।

ਵਸਲ ਦੀ ਛਾਂ ਜੇ ਸਿਰ ਕਰਦਾ, ਥਲਾਂ ਵਿਚ ਪੈਰ ਨਾ ਭੁੱਜਦੇ,
ਬ੍ਰਿਹੋਂ ਦੀ ਧੁੰਦ ਨਾ ਬਣਦਾ, ਉਹ ਰੂਹਾਂ ਲਈ ਇਲਮ ਬਣਦਾ।

ਜਿਊਂਦੇ ਜਾਗਦੇ ਪਾਤਰ, ਜੇ ਹੁੰਦੇ ਇਸ ਹਯਾਤੀ ਵਿਚ,
ਨ ਹੁੰਦਾ ਦਿਲ ਨੂੰ ਦੁਖ ਕੋਈ, ਨਾ ਬੀਤੇ ਦੀ ਫਿਲਮ ਬਣਦਾ।

ਪੜ੍ਹੇ ਜਾਂਦੇ ਕਦੇ ਜੇ ਹੰਝੂਆਂ ਦੇ ਹਰਫ਼ ਉਸ ਕੋਲੋਂ,
ਵਫ਼ਾ ਲਈ ਨਾ ਸਿਤਮ ਬਣਦਾ, ਨਾ ਦਿਲ ਦੇ ਲਈ ਜੁਲਮ ਬਣਦਾ।

ਵਸੀਅਤ ਜੇ ਤੂੰ ਦਰਦਾਂ ਦੀ, ਅਸਾਡੇ ਨਾਮ ਨਾ ਕਰਦੋਂ,
ਸਿਆਹੀ ਖ਼ੂਨ ਨਾ ਬਣਦਾ, ਤੇ ਨਾ ਕੋਮਲ ਕਲਮ ਬਣਦਾ।

56

ਕਦੀ ਆਇਆ ਨਾ ਤੂੰ ਸਾਡੇ, ਗਿਆ ਮੈਂ ਵੀ ਨਹੀਂ ਮੁੜਕੇ।
ਹੰਢਾਣੇ ਪਲ ਬੜੇ ਮੁਸ਼ਕਲ, ਨੇ ਬੀਤੇ ਵਕਤ ਸੰਗ ਜੁੜਕੇ।

ਕਿਹੇ ਸੋਹਣੇ ਉਹ ਰਸਤੇ ਸੀ, ਜੋ ਤੇਰੇ ਘਰ ਨੂੰ ਜਾਂਦੇ ਸੀ,
ਬਣੀ ਕੁਲ ਉਮਰ ਹੀ ਭਟਕਣ, ਇਹ ਪਹਿਲਾ ਮੋੜ ਹੀ ਮੁੜਕੇ!

ਸਮੇਂ ਦੇ ਰਹਿਮ ਤੇ ਸਾਨੂੰ, ਨਾ ਛਡਣਾ ਸੀ ਖ਼ਬਰ ਲੈਂਦੋਂ,
ਮੁਹੱਬਤ ਯਾਦ ਆਉਂਦੀ ਹੈ, ਅਤੇ ਉਹ ਬੇਰੁਖੀ ਖੁੜ੍ਹਕੇ।

ਜ਼ਮਾਨਾ ਸੀ ਕਦੇ ਅਪਣਾ, ਜੋ ਲੈਂਦੇ ਸਾਹ ਸੀ ਸਾਹਾਂ ਨਾ
ਅਸੀਂ ਤਾਂ ਧਰਤ ਤੇ ਰਹਿ ਗਏ, ਚਲੇ ਗਏ ਜੇ ਤੁਸੀਂ ਉੜ ਕੇ।

ਪਤਾ ਮੁਸਕਾਨ ਤੇਰੀ ਦਾ, ਹੈ ਰੱਖਿਆ ਸਾਂਭ ਕੇ ਅੱਖਾਂ,
ਹੈ ਠੇਡਾ ਖਾ ਲਿਆ ਜਦ ਦਾ, ਨਾ ਉਸ ਤੋਂ ਬਾਦ ਹਾਂ ਤੁੜ੍ਹਕੇ।

ਇਹ ਚੰਨ ਤਾਰੇ ਹੀ ਅੰਬਰ ਦੇ, ਨੇ ਰਾਤੀਂ ਲਫ਼ਜ਼ ਬਣ ਜਾਂਦੇ,
ਗ਼ਜ਼ਲ ਦੇ ਸ਼ੇਅਰ ਬਣਦੇ ਨੇ, ਇਹ ਆਪੋ ਵਿਚ ਸਭੇ ਜੁੜਕੇ।

ਇਹ ਠੰਡੀ ਵਾ ਜੋ ਏ.ਸੀ. ਦੀ, ਸਿਆਣਪ ਹੀ ਨਹੀਂ ਤੇਰੀ,
ਲਿਖੀ ਤੇਰੇ ਨਸੀਬੀਂ ਹੈ, ਇਹ ਕੋਮਲ ਦੇ ਵਗੇ ਮੁੜ੍ਹਕੇ।

57

ਖਾਮੋਸ਼ ਪੌਣ ਵਗਦੀ, ਧੁੱਪ ਵੀ ਉਦਾਸ ਲਗਦੀ।
ਹੁਣ ਚੁਪ ਨੇ ਗੀਤ ਬਣਨਾ, ਇਸ ਦਿਲ ਨੂੰ ਆਸ ਲਗਦੀ।

ਲੰਘਦਾ ਏ ਨੀਵੀਂ ਪਾਕੇ, ਵੇਂਹਦਾ ਏ ਚੋਰ ਅੱਖੀਂ,
ਜਾਪੇ ਨ ਆਮ ਅਲਾਮਤ, ਇਹ ਤਾਂ ਹੈ ਖਾਸ ਲਗਦੀ।

ਇਸ ਮੁਫਲਸੀ ਚ, ਪੈਣੇ, ਦਿਨ ਵੇਖਣੇ ਸੀ ਮੈਨੂੰ,
ਹੈ ਅੱਗ ਵੀ ਚੁੱਲ੍ਹਿਆਂ ਦੀ, ਕਿੰਨੀ ਉਦਾਸ ਲਗਦੀ।

ਦੋ ਚਾਰ ਹੋਣਾ ਪੈਂਦਾ, ਲੋੜਾਂ ਦੇ ਨਾਲ ਬੰਦਿਆ,
ਰੁਜ਼ਗਾਰ ਜੇ ਨਾ ਹੋਵੇ, ਉਮਰਾ ਨਿਰਾਸ ਲਗਦੀ।

ਮੇਰੇ ਨਸੀਬ ਵਿਚ ਨੇ ਹਉਕੇ ਜੇ ਭੁੱਖ ਲੱਗੇ,
ਭਰਦਾ ਹਾਂ ਘੁੱਟ ਲਹੂ ਦੇ, ਜਦ ਵੀ ਹੈ ਪਿਆਸ ਲਗਦੀ।

ਤਰ ਗਈ ਝਨਾਂ ਵਫ਼ਾ ਦੀ, ਡੁਬ ਕੇ ਉਹ ਪਾਣੀਆਂ ਵਿਚ,
ਸੋਹਣੀ ਨੂੰ ਕੱਚਿਆਂ ਤੋਂ, ਨਾ ਸੀ ਇਹ ਆਸ ਲਗਦੀ।

ਦਾਗੀ ਤਾਂ ਪੱਗ ਹੋ ਗਈ, ਹਾਕਮ ਜੋ ਰਿਸ਼ਵਤੀ ਸੀ,
ਪਰ ਘਰ ਹੈ ਪਰਤ ਆਇਆ, ਹੈ ਪਹੁੰਚ ਖ਼ਾਸ ਲਗਦੀ।

58

ਅਪਣੀ ਵਸਾਕੇ ਦੁਨੀਆਂ, ਉਸ ਪਰਤ ਵੇਖਿਆ ਨਾ,
ਬਚਿਆ ਨਈਂ ਹੋਣਾ ਕੋਮਲ, ਕੀਤੀ ਕਿਆਸ ਲਗਦੀ।

ਕਦੇ ਰਾਹ ਜਾਂਦਿਆਂ ਦੇ ਨਾਲ ਜੇ ਨਾ ਹਾਦਸਾ ਹੁੰਦਾ।
ਨ ਸਾਗਰ ਡੋਬਦੇ ਗ਼ਮ ਦੇ, ਨ ਬਿਰਹਾ ਹੀ ਖ਼ੁਦਾ ਹੁੰਦਾ।

ਨਜ਼ਰ ਕੈਰੀ ਸਮੇਂ ਦੀ ਨੇ, ਨਸੀਬਾ ਘੂਰਿਆ ਐਸਾ,
ਜਿਵੇਂ ਮੇਰਾ ਤੇ ਉਸਦਾ ਬਸ, ਨਾ ਕੋਈ ਵਾਸਤਾ ਹੁੰਦਾ।

ਪੁਰਾਣੇ ਹੋ ਗਏ ਰਿਸ਼ਤੇ, ਲੱਗਣ ਲੱਗਦੇ ਨੇ ਕਿਉਂ ਕੌੜੇ,
ਤਰੇੜੇ ਜਾਣ ਕਿਉਂ ਮੋਹ ਜਦ ਹੈ ਲੰਮਾ ਫਾਸਲਾ ਹੁੰਦਾ।

ਬਦਲਦੇ ਮੌਸਮਾਂ ਨੇ ਵੀ, ਭਰੇ ਨਾ ਰੰਗ ਖਾਕੇ ਵਿਚ,
ਬਿਨਾ ਰੰਗ ਮਹਿਕ ਦੇ ਫੁੱਲ ਦਾ, ਕੀ ਯਾਰੋ ਜੀਵਣਾ ਹੁੰਦਾ।

ਨੇ ਚੋਰੀ ਧੜਕਣਾਂ ਦਿਲ ਤੋਂ, ਇਬਾਦਤ ਕਰਦੀਆਂ ਉਸ ਦੀ,
ਦਰੀਂ ਜਾ ਦੇਂਦੀਆਂ ਦਸਤਕ, ਜੇ ਉਹਨਾਂ ਨੂੰ ਪਤਾ ਹੁੰਦਾ।

ਇਰਾਦੇ ਬਹੁਤ ਵੱਡੇ ਨੇ, ਮਗਰ ਹਾਲਾਤ ਦੇ ਮਾਰੇ,
ਗਿਆ ਟੁੱਟ ਦਿਲ ਹੈ ਜੇਰੇ ਦਾ, ਕੀ ਵੇਖੋ ਫੈਸਲਾ ਹੁੰਦਾ।

ਅਸੀਂ ਜਿੱਤੀਏ ਜੇ ਹਰ ਹਰ ਕੇ ਤੇ ਜੀ ਉਠੀਏ ਜੇ ਮਰ ਮਰ ਕੇ,
ਤਾਂ ਕੋਮਲ ਗੀਤ ਉਮਰਾ ਦਾ, ਹੈ ਹਰ ਪਲ ਹੀ ਨਵਾਂ ਹੁੰਦਾ।

59

ਕਰਤਾ ਬੇਦਖ਼ਲ ਆਂਹਦੇ, ਉਸ ਨੇ ਸਵੇਰਿਆਂ ਤੋਂ।
ਇਸ ਗਲ ਦੀ ਖ਼ਬਰ ਲੱਗੀ, ਮੈਨੂੰ ਹਨੇਰਿਆਂ ਤੋਂ।

ਉਹ ਮਹਿਲ ਰੇਤ ਦੇ ਸਨ, ਕਿਰ ਗਏ ਜੋ ਨਾਲ ਵਾਵਾਂ
ਨ੍ਹੇਰੀ ਸ਼ੁਰੂ ਸੀ ਕੀਤਾ, ਢਾਣਾ ਬਨੇਰਿਆਂ ਤੋਂ!

ਗੁਰਬਤ ਚ, ਗੁਜਰ ਗਈ ਹੈ, ਸਾਰੀ ਹੀ ਉਮਰ ਬੇਸ਼ਕ,
ਮੰਗਣੀ ਨਾ ਖ਼ੈਰ ਹਰਗਿਜ਼, ਮੈਂ ਮਹਿਲਾਂ ਤੇਰਿਆਂ ਤੋਂ।

ਸਮਿਆਂ ਦੀ ਧੂੜ ਕੱਜ ਲਏ, ਬਾਰੀਕ ਨਕਸ਼ ਤੇਰੇ,
ਲਗਦਾ ਏ ਦੂਰ ਨਈਂ ਪਰ, ਸਾਹਵਾਂ ਵੀ ਮੇਰਿਆਂ ਤੋਂ।

ਬਦਲੀ ਹਵਾ ਚਮਨ ਦੀ, ਵਾੜਾਂ ਹੀ ਚੋਰ ਬਣੀਆਂ,
ਸਹਿਮੇ ਨੇ ਫੁੱਲ ਹੀ ਲਗਦੇ, ਡਰਦੇ ਫੁਲੇਰਿਆਂ ਤੋਂ।

ਰਖਦਾ ਸੀ ਤਾਜ ਉਹ ਤਾਂ, ਅਪਣੀ ਹੀ ਜੇਬ ਅੰਦਰ,
ਲਾਹੁੰਦਾ ਕਦੇ ਸਜਾਉਂਦਾ, ਪੁੱਛ ਲੈ ਵਡੇਰਿਆਂ ਤੋਂ।

ਮਸ਼ਹੂਰ ਉਹ ਬੜਾ ਸੀ, ਪਹਿਲਾਂ ਹੀ ਲਾਰਿਆਂ ਵਿਚ,
ਸੀ ਪਰਖਿਆ ਉਹ ਮੈਂ ਵੀ, ਸੁਣਿਆਂ ਬਥੇਰਿਆਂ ਤੋਂ।

ਔਖੀ ਘੜੀ ਚ, ਉਸਦਾ, ਬਣਦਾ ਸੀ ਨਾਲ ਖੜ੍ਹਨਾਂ,
ਚਾਨਣ ਸੀ ਉਂਞ ਤਾਂ ਕੋਮਲ, ਡਰਦਾ ਸੀ ਨ੍ਹੇਰਿਆਂ ਤੋਂ।

60

ਅਪਣਾ ਅਸਾਂ ਤਾਂ ਸਭ ਕੁਝ, ਹੈ ਤੇਰੇ ਨਾਮ ਕਰਿਆ।
ਖ਼ਾਤਰ ਮੇਰੀ ਤਾਂ ਇਕ ਵੀ, ਨਾ ਬੋਲ ਤੈਥੋਂ ਸਰਿਆ।

ਅਪਣੀ ਹੀ ਗੱਲ ਕਰਦੈਂ, ਸੁਣਦੈਂ ਵੀ ਆਪਣੀ ਹੀ,
ਜੀਂਦਾ ਕੋਈ ਤਿਰੇ ਲਈ, ਜਾਂ ਹੈ ਤੇਰੇ ਲਈ ਮਰਿਆ!

ਹੌਕੇ ਜਿਦ੍ਹੇ ਨੇ ਸਾਥੀ, ਹੰਝੂ ਜਿਦ੍ਹੇ ਸਕੇ ਨੇ,
ਇਸ ਹਾਲ ਵਿਚ ਵੀ ਤੈਨੂੰ, ਸਿਰ ਆਪਣੇ ਹੈ ਧਰਿਆ।

ਅਪਣੇ ਦਰਾਂ ਤੇ ਖੜ੍ਹਕੇ, ਵਾਜਾਂ ਤੂੰ ਨਿਤ ਹੀ ਦੇਵੇਂ,
ਪਾਵੇ ਨਾ ਪੈਰ ਸਾਡੇ, ਫਿਰ ਵੀ ਅਸਾਂ ਹੈ ਜਰਿਆ।

ਪੁਜਦਾ ਜਦੋਂ ਮੈਂ ਦਰ ਤੇ, ਲੱਗ ਕੇ ਗਲੇ ਤੂੰ ਮਿਲਦਾਂ
ਦਿਲ ਪੁੱਛਦਾ ਹੈ ਮੈਨੂੰ, ਜਿੱਤਿਆ ਕਿ ਤੂੰ ਏਂ ਹਰਿਆ!

ਯਾਰਾਂ ਦਾ ਯਾਰ ਕੋਮਲ, ਮਿਲਦਾ ਹੈ ਮੋਹ 'ਚ, ਭਿੱਜਕੇ,
ਗੁਰਬਤ ਦਾ ਮਾਰਿਆ ਹੀ, ਫਿਰਦਾ ਵਿਚਾਰਾ ਡਰਿਆ।

61

ਏਨੀ ਉਦਾਸ ਰੁੱਤ ਹੈ, ਮਹਿਕੋਂ ਵਿਹੂਣੇ ਫੁੱਲ ਨੇ।
ਰੁਲ ਗਏ ਸਮੇਂ ਦੇ ਪੈਰੀਂ, ਖ਼ਾਬਾਂ ਦੇ ਕੌਡੀ ਮੁੱਲ ਨੇ।

ਹੋਇਆ ਵਫ਼ਾ ਨਾ ਵਾਅਦਾ, ਪਾ ਓਸ ਸੌਂਹ ਵੀ ਤੋੜੀ,
ਜਗ ਨਾਲ ਉਸ ਮੁਕਾ 'ਤੀ, ਸਾਂਝਾਂ ਦੇ ਤੋੜ ਪੁਲ ਨੇ!

ਰੁੱਤ ਸੌਣ ਦੀ ਚ, ਤਰਸੇ, ਪਾਣੀ ਦੀ ਬੂੰਦ ਖ਼ਾਤਿਰ,
ਬੱਦਲਾਂ ਚ, ਹੌਕੇ ਉਸਦੇ, ਲਗਦਾ ਗਏ ਹੀ ਘੁਲ ਨੇ।

ਦੇਵੇ ਪਤਾ ਜੋ ਉਸਦਾ, ਜਾਵਾਂ ਮੈਂ ਉਸ ਦੇ ਵਾਰੀ,
ਉਸ ਲਈ ਦੁਆ ਹੀ ਨਿਕਲੇ, ਜਦ ਵੀ ਫਰਕਦੇ ਬੁੱਲ ਨੇ।

ਹੋਇਆ ਨਾ ਇਲਮ ਉਸ ਨੂੰ, ਇਸ ਮੇਰੀ ਬੇਬਸੀ ਦਾ,
ਕਿ ਮੇਰੇ ਖਾਬ ਸਾਰੇ, ਰਾਹਵਾਂ ਚ, ਗਏ ਰੁਲ ਨੇ।

ਉਹ ਪਰਤਣੇ ਕਦੀ ਨਾ, ਬੇਮੌਤ ਮਾਰੇ ਹਾਸੇ
ਮਾਰੇ ਇਸੇ ਸਿਤਮ ਦੇ, ਰਹਿੰਦੇ ਉਦਾਸ ਬੁੱਲ ਨੇ।

ਛਾਣ ਹਵਾ ਚੋਂ ਖੁਸ਼ੀਆਂ, ਸ਼ਾਮਾਂ ਚੋਂ ਤੇਰੀ ਸੂਰਤ,
ਕਰਦਾ ਗਿਲਾ ਹੈ ਕੋਮਲ, ਪਾਏ ਨਾ ਮੋਹ ਦੇ ਮੁੱਲ ਨੇ।

62

ਨੇ ਜਾਰੀ ਮਾਤਮੀ ਪੌਣਾਂ, ਤੇ ਝੱਖੜ ਸੋਗ ਦੇ ਵਗਦੇ।
ਨੇ ਹਾਸੇ ਤੋੜ ਗਏ ਰਿਸ਼ਤੇ ਤੇ ਸੁਪਨੇ ਮਰ ਗਏ ਲਗਦੇ।

ਤੂੰ ਅਪਣਾ ਬਣ ਵੀ ਨਾ ਸਕਿਆ, ਪਰਾਇਆ ਆਖ ਨਾ ਹੁੰਦਾ,
ਕੁਫਰ ਤੋਲੇ ਉਮੀਦਾਂ ਨੇ, ਰਹੇ ਨੇ ਖ਼ਾਬ ਵੀ ਠੱਗਦੇ।

ਜੇ ਉਸਦੇ ਪੈਰ ਦੀ ਝਾਂਜਰ, ਨਾ ਛਣਕਣ ਦਾ ਗੁਨਾਹ ਕਰਦੀ,
ਨਸੀਬਾ ਦਰਦ ਨਾ ਬਣਦਾ, ਨਾ ਭੋਂਇੰ ਪੈਰ ਹੀ ਲਗਦੇ।

ਬ੍ਰਿਹੋਂ ਨਾ ਜੋੜਿਆ ਰਿਸ਼ਤਾ, ਤੂੰ ਇਕ ਵਾਰੀ ਹੀ ਗਲ ਲਾਕੇ
ਅਸੀਂ ਤੜਪੇ ਹਾਂ ਸਾਰੀ ਉਮਰ, ਤੇ ਰੜਕੇ ਸਦਾ ਜੱਗ ਦੇ।

ਭਵਿਖ ਦੇ ਮਨ 'ਚ, ਰੋਸਾ ਹੈ, ਕਿ ਜਦ ਬੀਤੇ ਦੀ ਗਲ ਕਰਦਾਂ,
ਰਹਿਣ ਹੋਂਠੀ ਸਦਾ ਹਉਕੇ, ਤੇ ਨੈਣੋਂ ਨੀਰ ਨੇ ਵਗਦੇ।

ਅਜੇ ਵੀ ਫ਼ਿਕਰ ਕਰਦਾ ਦਿਲ ਮੇਰਾ ਤੇਰੀ ਜਵਾਨੀ ਦਾ
ਨਾ ਕਰਦੇ ਰੌਸ਼ਨੀ ਕੋਮਲ, ਜੋ ਮੋਹ ਦੇ ਦੀਪ ਨੇ ਜਗਦੇ

63

ਝੁਕੇਂਗਾ ਏਸ ਦਰ ਤੇ ਜੇ, ਨਜ਼ਰ ਪ੍ਰਭ ਦੀ ਚ ਆਵੇਂਗਾ
ਵਸਣਗੇ ਮੇਘ ਰਹਿਮਤ ਦੇ, ਉਦ੍ਹੇ ਰੰਗ ਰੰਗਿਆ ਜਾਵੇਂਗਾ।

ਬਿਨਾ ਹੀ ਜੋਦੜੀ ਕਰਿਆਂ, ਉਹ ਦੇਂਦਾ ਸੀ ਤੇ ਦੇਂਦਾ ਹੈ
ਸਦਾ ਦੇਵੇਗਾ ਉਹ ਤੈਨੂੰ, ਬਿਨਾ ਮੰਗਿਆ ਹੀ ਪਾਵੇਂਗਾ।

ਕਿਸੇ ਹੀ ਕੰਮ ਨਾ ਆਉਣੀ, ਸਿਆਣਪ ਜਾਂ ਇਹ ਚਤੁਰਾਈ,
ਚਿਤਵਣਾ ਛੱਡ ਦੇਹ ਬੰਦਿਆ, ਉਹਦੀ ਮਰਜੀ ਹੰਢਾਵੇਂਗਾ।

ਕਿਤੇ ਤੂੰ ਬਖਸ਼ਿਆ ਜਾਵੇਂ, ਨਸੀਬਾ ਹੋ ਜਾਊ ਰੋਸ਼ਨ,
ਜੇ ਸੁਰਤੀ ਜੇ ਜੁੜ ਗਈ ਤੇਰੀ, ਵਜਦ ਵਿਚ ਗੀਤ ਗਾਵੇਂਗਾ।

ਜਦੋਂ ਤੁੱਠਦੈ ਕਰਮ ਕਰਦੈ, ਗਏ ਹਾਸੇ ਵੀ ਮੁੜ ਆਵਣ,
ਲਹੇਗੀ ਮੈਲ ਜਨਮਾਂ ਦੀ, ਤੇ ਸਰ ਚਾਨਣ ਦੇ ਨ੍ਹਾਵੇਂਗਾ।

ਜ਼ਰੇ ਉਸਦੇ ਇਹ ਸੂਰਜ ਵੀ, ਤੇ ਚਾਨਣ ਵੀ ਹਨੇਰੇ ਵੀ,
ਬਿਨਾ ਉਸਦੇ ਨਾ ਕੁਝ ਦਿਸਣਾ, ਨਜ਼ਰ ਕਿਸ ਥਾਂ ਮਿਲਾਵੇਂਗਾ।

ਜੇ ਉਸਦੀ ਯਾਦ ਦਾ ਸੁਰਮਾਂ, ਤੂੰ ਅੱਖੀ ਪਾ ਲਿਆ ਭੁੱਲ ਕੇ,
ਬਿਗਾਨਾ ਕੋਈ ਨਾ ਦਿਸਣਾ, ਤੇ ਤੂੰ ਸਭ ਦਾ ਹੋ ਜਾਵੇਂਗਾ।

ਕਦੇ ਰਸ ਪਾ ਲਿਆ ਜੀਭਾ, ਭਰਮ ਤੇ ਖ਼ੌਫ਼ ਮੁੱਕ ਜਾਣੇ,
ਉਹ ਤੇਰਾ ਹੈ, ਨਾ ਸ਼ੱਕ ਕੋਈ, ਬਣਨ ਉਸ ਦਾ ਤੂੰ ਆਵੇਂਗਾ।

ਤੂੰ ਇਕ ਦਰ ਦਾ ਜੇ ਹੋ ਜਾਵੇਂ ਭਟਕਣਾ ਮੁੱਕ ਜੂ ਦਰ ਦਰ ਦੀ,
ਪਰਾਏ ਬਾਰ ਤੇ ਕੋਮਲ, ਕਦੇ ਤੂੰ ਫਿਰ ਨਾ ਜਾਵੇਂਗਾ।

64

ਖ਼ਤਾਂ ਦੀ ਜੋ ਇਬਾਰਤ ਨੂੰ, ਪੜ੍ਹੇਗਾ ਉਹ ਈ ਰੋਵੇਗਾ।
ਤੇਰੀ ਤਸਵੀਰ ਬਣ ਅੱਥਰੂ, ਕਿਸੇ ਦੀ ਅੱਖ ਚੋਂ ਚੋਵੇਗਾ।

ਸੁਭਾਅ ਹਨ ਸ਼ੀਸ਼ਿਆਂ ਬਦਲੇ, ਨੇ ਹੁਣ ਬਦਤਰ ਉਹ ਪੱਥਰਾਂ ਤੋਂ,
ਤੇ ਉਸਦੇ ਮਹਿਲ ਪੱਥਰਾਂ ਦੇ, ਬਸੇਰਾ ਦਸ ਕੀ ਹੋਵੇਗਾ।

ਜਦੋਂ ਮਜ਼ਮੂਨ ਖ਼ਤ ਦਾ ਤੂੰ, ਪੜ੍ਹੇਂਗਾ ਹੌਲ ਪੈਣੇ ਨੇ,
ਵਫ਼ਾ ਮੇਰੀ ਜੇ ਰੋਵੇਗੀ, ਤੇ ਦਿਲ ਤੇਰਾ ਵੀ ਰੋਵੇਗਾ।

ਗਏ ਨੇ ਤੋੜ ਰਾਹ ਸਾਰੇ, ਚੁਰਾਹੇ ਵਾਂਗ ਤੜਪਾਂ ਮੈਂ,
ਕਦੇ ਆਇਆ ਜੇ ਬਣ ਰਾਹੀ, ਉਹ ਕਿੰਨਾ ਚਿਰ ਖਲੋਵੇਗਾ?

ਤੇਰੇ ਅਹਿਸਾਨ ਦਰਦਾਂ ਦੇ, ਇਹ ਸਾਰੀ ਉਮਰ ਨਾ ਲੱਥਣੇ,
ਕਦੇ ਸ਼ਾਇਰ ਇਹ ਦਿਲ ਮੇਰਾ, ਇਹਨੂੰ ਸ਼ੇਅਰੀਂ ਪਰੋਵੇਗਾ।

ਘਰਾਂ ਵਿਚ ਕੈਦ ਕਰ ਮੈਨੂੰ, ਤਸੀਹੇ ਦੇਵੇ ਹਰ ਮੌਸਮ,
ਗਵਾਹੀ ਦੇਣਗੇ ਅੱਥਰੂ, ਸਮਾਂ ਹੀ ਦਾਗ ਧੋਵੇਗਾ।

ਬਹਾਨੇ ਲੱਖ ਹੋਣੇ ਨੇ, ਤੇਰੇ ਕੋਲੇ ਨਾ ਆਵਣ ਦੇ,
ਬਰੂਹਾਂ ਤੇ ਤੇਰਾ ਕੋਮਲ, ਵਫ਼ਾ ਦਾ ਤੇਲ ਚੋਵੇਗਾ।

65

ਕਰੀ ਜਾਨੈਂ ਜਿਵੇਂ ਮਰਜ਼ੀ, ਬੜੇ ਮਜ਼ਬੂਤ ਨੇ ਦਾਅਵੇ।
ਇਹ ਵੋਟਾਂ ਮੇਰੀਆਂ ਆਖ਼ਿਰ ਨੇ ਤੇਰੇ ਤਖ਼ਤ ਦੇ ਪਾਵੇ।

ਤੇਰੇ ਬਾਗੀਂ ਬਹਾਰਾਂ ਨੇ, ਸਮੇਂ ਮਹਿਦੂਦ ਓਨ੍ਹਾਂ ਦੇ
ਜਿਨ੍ਹਾਂ ਦੇ ਫੁੱਲ ਝੜ ਜਾਣੇ, ਨਾ ਰਹਿਣੇ ਪੱਤ ਹੀ ਸਾਵੇ।

ਸ਼ਨਾਖਤ ਕਰ ਨਹੀਂ ਸਕਿਆ, ਇਹ ਦਿਲ ਅਪਣੇ ਬਿਗਾਨੇ ਦੀ,
ਸਿਤਮ ਸਹਿੰਦਾ ਮਣਾਂ ਮੂੰਹੀਂ, ਗਿਲਾ ਬੁੱਲ੍ਹਾਂ ਤੇ ਨਾ ਆਵੇ।

ਗਜ਼ਲ ਬਣਦਾ, ਬਣੇ ਕਵਿਤਾ, ਕਦੇ ਉਹ ਗੀਤ ਬਣਦਾ ਹੈ,
ਕਹਿਣ ਸਭ ਦਰਦ ਨੂੰ ਅਪਣਾ, ਜਦੋਂ ਉਹ ਦਰਦ ਨੂੰ ਗਾਵੇ।

ਵਫ਼ਾ ਸਾਡੇ ਤਾਂ ਸਾਹਾਂ ਵਿਚ, ਸਫ਼ਰ ਕਰਦੀ ਦਿਨੇ ਰਾਤੀਂ,
ਇਹ ਮੱਚਦੇ ਪੈਰ ਰੀਝਾਂ ਦੇ, ਕਿਤੇ ਉਹ ਛਾਂ ਹੀ ਬਣ ਜਾਵੇ!

ਖਿੜਾਏ ਗੁੱਲ ਜਥੇਦਾਰਾਂ, ਨਜ਼ਰ ਕਪਤਾਨ ਤੇ ਹੈ ਹੁਣ,
ਮਹੱਲ ਅਪਣੇ ਬਚਾਵੇਗਾ, ਪਿਆ ਕੁੱਲੀ ਦੀ ਸੌਂਹ ਖਾਵੇ।

ਅਸੀਂ ਈਮਾਨ ਵੀ ਅਪਣਾ, ਸਮਝ ਬੈਠੇ ਹਾਂ ਤੈਨੂੰ ਹੀ,
ਹੈ ਤੇਰਾ ਧਰਮ ਕੀ ਬਣਦਾ, ਸਮਝ ਤੇਰੀ 'ਚ ਨਾ ਆਵੇ।

ਗਿਆ ਜੋ ਬੀਜ ਚਾਨਣ ਹੈ, ਉਹ ਮੇਰੇ ਦਿਲ ਦੇ ਵੇਹੜੇ ਵਿਚ,
ਫ਼ਸਲ ਦਾ ਹਾਲ ਕੀ ਏ ਹੁਣ, ਉਹ ਅੱਖੀਂ ਵੇਖ ਤਾਂ ਜਾਵੇ।

ਸਫ਼ਰ ਬਾਕੀ ਹਯਾਤੀ ਦਾ ਬੜ੍ਹਾ ਔਖਾ ਹੈ ਤੇਰੇ ਬਿਨ
ਇਹ ਕੋਮਲ ਇਸ਼ਕ ਦਾ ਬੂਟਾ, ਨਾ ਭੁੱਲ ਕੇ ਵੀ ਘਰੇ ਲਾਵੇ।

66

ਗਏ ਉਹ ਵਕਤ ਨਾ ਪਰਤੇ, ਨ ਖੁਸ਼ੀਆਂ ਹੀ ਲਏ ਹਾਸੇ ਹੀ!
ਅਸਾਡੇ ਬੁਝ ਗਏ ਦੀਵੇ, ਉਮੀਦਾਂ ਲਈ, ਪਿਆਸੇ ਹੀ!

ਕਦੇ ਡੰਗਿਆ ਹਨੇਰੇ ਨੇ, ਤੇ ਸਾਹ ਪੀਤੇ ਕਦੇ ਧੁੱਪਾਂ
ਮਰਨ ਮਨਜ਼ੂਰ ਨਾ ਕੀਤਾ, ਇਹ ਲੱਪ ਚਾਨਣ ਦੀ ਆਸੇ ਹੀ!

ਸਿਆੜੀਂ ਕੇਰ ਜੋ ਮੁੜ੍ਹਕੇ, ਰਿਹਾ ਸਿੱਟਿਆਂ ਚੋਂ ਰੰਗ ਵੇਂਹਦਾ,
ਚੜ੍ਹੇ ਪ੍ਰਵਾਨ ਨਹੀਂ ਤ਼ੱਤੜੇ, ਗਏ ਖਾ ਨੇ ਚੁਮਾਸੇ ਹੀ।

ਖਲੋਤੀ ਮੌਤ ਵੇਂਹਦੀ ਨੂੰ, ਮੈਂ ਅੱਕ ਕੇ ਵਾਜ ਮਾਰੀ ਸੀ
ਭਰੋਸੇ ਨਾ ਸੀ ਸਾਹਾਂ ਤੇ, ਤੇ ਨਾ ਤੇਰੇ ਦਿਲਾਸੇ ਹੀ!

ਅਸੀਂ ਕੈਦੀ ਹਾਂ ਕੰਧਾਂ ਦੇ, ਦਰਾਂ ਤੋਂ ਦੂਰ ਬੈਠੇ ਹਾਂ,
ਬਣੇਗੀ ਭੀੜ ਕੀ ਦਾਰੂ, ਬੜੇ ਚੰਗੇ ਹਾਂ ਪਾਸੇ ਹੀ!

ਇਹ ਫੱਟ ਅੱਲੇ ਹੀ ਰਹਿਣੇ ਨੇ, ਤੇ ਧੁਰ ਤੱਕ ਸਾਥ ਨਿਭਣੇ ਨੇ,
ਬਿ੍ਹੋਂ ਸੁਲਤਾਨ ਹੈ ਆਖ਼ਿਰ, ਕਦੀਮੋਂ ਇਸ ਦੇ ਖਾਸੇ ਹੀ।

ਉਹ ਰਹਿ ਰਹਿ ਯਾਦ ਆਉਂਦੇ ਨੇ, ਹੰਢਾਏ ਨਾਲ ਪਲ ਤੇਰੇ,
ਬਕਾਇਆ ਖਾਬ ਨੇ ਬੈਂਕੀਂ, ਬਚੇ ਜਾਂ ਤੇਰੇ ਝਾਸੇ ਹੀ

ਥਲਾਂ ਨੇ ਤਪਦਿਆਂ ਰਹਿਣਾ, ਤੇ ਭੁੱਜਣੇ ਪੈਰ ਸੱਸੀ ਦੇ
ਸਮੇਂ ਮੇਰੀ ਮੁਹੱਬਤ ਲਈ, ਕਦੇ ਆਣੇ ਨਾ ਰਾਸੇ ਹੀ।

ਤਰਸ ਖਾਣਾ ਨਾ ਕੋਮਲ ਤੇ, ਗਿਲਾ ਬਣਦਾ ਹੈ ਸਮਿਆਂ ਤੇ
ਬਹਾਰਾਂ ਬੇਰੁਖੀ ਰਖਣੀ, ਤੇ ਮੌਸਮ ਵੀ ਉਦਾਸੇ ਹੀ!

67

ਤਪਿਸ਼ ਖ਼ਾਮੋਸ਼ ਹੈ ਮਨ ਦੀ, ਤੇ ਫੱਟ ਗਿਸਦੇ ਨਜ਼ਰ ਆਉਂਦੇ।
ਬਹਾਰਾਂ ਮਾਣਦੇ ਪੰਛੀ, ਖਿਜ਼ਾਂ ਦੇ ਗੀਤ ਨੇ ਗਾਉਂਦੇ।

ਰਹੇ ਇੰਝ ਅਮਨ ਦਾ ਮੌਸਮ, ਤੇ ਚੁੱਪ ਬੈਠਣ ਇਹ ਰਫਲਾਂ ਵੀ,
ਨਿਸ਼ਾਨੇ ਬੈਠ ਤਖ਼ਤਾਂ ਤੇ, ਕਿਓਂ ਰਹਿਬਰ ਪਏ ਲਾਉਂਦੇ!

ਸਮਾਂ ਜੇ ਕੋਲ ਪੁੱਤਰਾਂ ਦੇ ਪਿਤਾ ਜੋਗਾ ਨਹੀਂ ਬਚਦਾ,
ਮੁਨਾਸਿਬ ਹੈ ਇਹੋ ਜੇਹੇ, ਸਮੇਂ ਬਾਪੂ ਤੇ ਨਾ ਆਉਂਦੇ!

ਨਾ ਮਹਿਕਾਂ ਮੈਲੀਆਂ ਦਿੱਸਣ, ਅਜੇ ਰੁੱਤਾਂ ਵੀ ਜੋਬਨ ਤੇ,
ਖਿੜਨ ਮਹਿਕਣ, ਲੁਭਾਵਣ ਵੀ, ਜਦੋਂ ਫੁੱਲ ਗੀਤ ਨੇ ਗਾਉਂਦੇ!

ਸਹੇੜੇ ਦਰਦ ਹੱਸ ਹੱਸ ਕੇ, ਤੂੰ ਕਿਉਂ ਦਸਦਾ ਏਂ ਰੋ ਰੋ ਕੇ,
ਜਿਨ੍ਹਾਂ ਨੇ ਮੈਲੀਆਂ ਅੱਖਾਂ, ਉਹ ਕੀਤੇ ਦੀ ਸਜ਼ਾ ਪਾਉਂਦੇ!

ਅਸੀਂ ਤਾਂ ਉਮਰ ਭਰ ਮੰਗਦੇ ਰਹੇ ਹਾਂ ਖ਼ੈਰ ਓਸੇ ਦੀ
ਮੇਰੇ ਹਾਸੇ ਵੀ ਕੋਮਲ ਨੇ, ਇਹ ਕਿਉਂ ਉਸ ਨੂੰ ਨਹੀਂ ਭਾਉਂਦੇ!

68

ਜੋ ਟੁਟ ਗਏ ਆਪਣੇ ਨਾਲੋਂ, ਉਨ੍ਹਾਂ ਦਾ ਜੋੜਨਾ ਮੁਸ਼ਕਲ!
ਜੋ ਰਾਹ ਤੁਰ ਪਏ ਮੁਹੱਬਤ ਦੀ, ਉਨ੍ਹਾਂ ਦਾ ਮੋੜਨਾ ਮੁਸ਼ਕਲ!

ਨਾ ਸੀਰਤ ਸ਼ੀਸ਼ਿਆਂ ਦੱਸਣੀ, ਕਰਨ ਗਲ ਬਸ ਉਹ ਸੂਰਤ ਦੀ,
ਕਿਸੇ ਸੂਰਤ ਨੂੰ ਸੀਰਤ ਦਾ, ਹੈ ਦੇਣਾ ਓੜਨਾ ਮੁਸ਼ਕਲ!

ਪਰ੍ਹਾਹੁਣੇ ਚਾਰ ਦਿਨ ਦੇ ਹੀ, ਇਹ ਹੁੰਦੇ ਰੰਗ ਮਹਿੰਦੀ ਦੇ,
ਦਿਲਾਂ ਨੂੰ ਰੰਗ ਲਿਆ ਜਾਵੇ, ਤਾਂ ਰੰਗ ਫਿਰ ਛੋੜਨਾ ਮੁਸ਼ਕਲ!

ਚਿਰਾਗਾਂ ਰੋਸ਼ਨੀ ਵੰਡਣੀ, ਹਨੇਰੇ ਨੇ ਤਾਂ ਜਲਣਾ ਹੈ,
ਸਦਾ ਲਈ ਭਰਮ ਨ੍ਹੇਰੇ ਦਾ, ਹੈ ਹੁੰਦਾ ਤੋੜਨਾ ਮੁਸ਼ਕਲ!

ਨਦੀ ਵਗਦੀ ਸਮਾਂ ਤੁਰਦਾ, ਤੇਰਾ ਸੰਤੁਲਨ ਨਾ ਵਿਗੜੇ,
ਬੜਾ ਹੁੰਦਾ ਹੈ ਅਣਖੀ ਨੂੰ, ਵੀ ਆਪਾ ਰੋੜ੍ਹਨਾ ਮੁਸ਼ਕਲ!

ਮੁਹੱਬਤ ਦੀ ਜੋ ਰਾਹ ਤੁਰਦੇ, ਝਨਾਂ ਵੇਂਹਦੇ ਨਾ ਥਲ ਵੇਂਹਦੇ,
ਨਾ ਲੇਖੇ ਕਰਨ ਹੀ ਆਸ਼ਕ, ਉਨ੍ਹਾਂ ਦਾ ਮੋੜਨਾ ਮੁਸ਼ਕਲ!

ਦਿਲਾਂ ਦੀ ਧਰਤ ਬੈਅ ਕੀਤੀ, ਤੇ ਸੌਦੇ ਹੋ ਗਏ ਪੱਕੇ,
ਹੈ ਕੋਮਲ ਤੋੜਨਾ ਮੁਸ਼ਕਲ, ਤੇ ਟੁੱਟੇ ਜੋੜਨਾ ਮੁਸ਼ਕਲ!

69

ਹੱਸਦਾ ਜੋ ਹੌਕਿਆਂ ਤੇ, ਰੋਂਦਾ ਹੈ ਗੀਤ ਗਾ ਕੇ।
ਲਗਦੈ ਕੋਈ ਦੀਵਾਨਾ, ਬੈਠਾ ਹੈ ਦਿਲ ਗੁਆ ਕੇ!

ਦਸਦੇ ਨੇ ਕੇਸ ਉਲਝੇ, ਉਲਝੀ ਹੈ ਜ਼ਿੰਦਗੀ ਵੀ
ਤੱਕਦਾ ਏ ਹੱਥ ਖਾਲੀ, ਇਸ਼ਕੇ ਦੀ ਖ਼ੈਰ ਪਾਕੇ!

ਉਸਦੀ ਨਜ਼ਰ ਗੁਆਚੀ, ਪੈੜਾਂ ਦੀ ਹੋਂਦ ਲਭਦੀ,
ਤੁਰ ਗਈ ਸਮੇਂ ਦੀ ਡਾਚੀ, ਹੋਣੀ ਦਾ ਖ਼ੌਫ਼ ਖਾ ਕੇ।

ਹੈ ਪਹਿਰ ਪਹਿਰ ਕਰਕੇ, ਮੁੱਕਦੀ ਗਈ ਹਯਾਤੀ
ਰਹਿਮਤ ਕੀ ਏਸ ਪਾਉਣੀ, ਬਿਰਹੋਂ ਦੇ ਸਰ ਨਹਾ ਕੇ!

ਸਾਹਾਂ ਚੋਂ ਜ਼ਿੰਦਗੀ ਨੂੰ, ਹੈ ਫੋਲ ਫੋਲ ਵੇਂਹਦਾ,
ਜੋ ਸ਼ੌਕ ਨਾਲ ਰਖਿਆ, ਦਿਲ ਵਿਚ ਸਦਾ ਵਸਾ ਕੇ।

ਮੌਸਮ ਖਿਲਾਫ਼ ਭੁਗਤੇ, ਕੀ ਹਾੜ ਕੀ ਸਿਆਲੇ,
ਰੁੱਤਾਂ ਵਫ਼ਾ ਨਾ ਕੀਤੀ, ਗਈਆਂ ਨੇ ਅੱਗ ਲਾ ਕੇ!

ਛਾਂ ਤਾਰਿਆਂ ਦੀ ਉਸਨੂੰ, ਤਿੱਖੜ ਦੁਪਹਿਰ ਲਗਦੀ,
ਕਰਨਾ ਕੀ ਓਸ ਕੋਮਲ, ਇਸ ਉਮਰ ਨੂੰ ਹੰਢਾ ਕੇ।

70

ਦਰਦਾਂ ਦੀ ਲੋਅ ਚ, ਪੜ੍ਹਦਾ ਬੀਤੇ ਦੇ ਵਰਕਿਆਂ ਨੂੰ।
ਕਿਸ ਆਸ ਤੇ ਹੈ ਜੀਂਦਾ, ਪਰਖੂ ਕੀ ਪਰਖਿਆਂ ਨੂੰ!

ਮਾੜੇ ਅਸਾਰ ਦਿਸਦੇ, ਸਾਬਤ ਕਦਮ ਰਿਹਾ ਨਾ,
ਜਰਕਾਂਵਦੀ ਏ ਦੁਨੀਆਂ, ਅਕਸਰ ਹੀ ਜਰਕਿਆਂ ਨੂੰ।

ਬੀਤੇ ਦੀ ਬਾਤ ਹੋ ਗਏ, ਲਗਦਾ ਏ ਹੁਣ ਤ੍ਰਿੰਞਣ,
ਕੰਧ ਤੇ ਸਜਾ ਕੇ ਰਖ ਲੈ, ਸ਼ੋਅ ਪੀਸ ਚਰਖਿਆਂ ਨੂੰ।

ਜਾਵੇ ਨਾ ਮਿਟ ਦਿਲਾਂ ਚੋਂ, ਮਿਲਨੇ ਦੀ ਤੜਪ ਵੇਖੀਂ,
ਭੁਲ ਜਏ ਜਹਾਨ ਸਾਰਾ, ਬਿਰਹੋਂ ਦੇ ਹਰਖਿਆਂ ਨੂੰ।

ਦੇਣੇ ਸੀ ਕੀ ਦਿਲਾਸੇ, ਤੱਕਿਆ ਨਾ ਅੱਖ ਭਰ ਕੇ,
ਜੁੱਗ ਬੀਤ ਗਏ ਨੇ ਹੱਸਿਆਂ, ਤੇ ਬੁੱਲ੍ਹ ਫਰਕਿਆਂ ਨੂੰ!

ਕੁਰਸੀ ਵੀ ਇਕ ਨਸ਼ਾ ਹੈ, ਚੌਧਰ ਦੇ ਭੁੱਖਿਆਂ ਲਈ,
ਤੂੰ ਪੁੱਛ ਤਾਂ ਵੇਖ ਕੋਮਲ, ਇਹਦੇ 'ਚ ਗਰਕਿਆਂ ਨੂੰ!

71

ਬੜੇ ਹੀ ਖ਼ੂਬਸੂਰਤ ਪਲ, ਤੁਸਾਂ ਜੋ ਨਾਮ ਲਾਏ ਨੇ।
ਨਜ਼ਰ ਕਿਸ ਦੀ ਨੇ ਖਾਧੇ ਨੇ, ਅਸਾਂ ਰੋ ਰੋ ਹੰਢਾਏ ਨੇ।

ਤਰਸ ਬੁੱਲ੍ਹਾਂ ਤੇ ਆਉਂਦਾ ਹੈ, ਉਹਨਾਂ ਦੀ ਬੇਬਸੀ ਤੱਕ ਕੇ,
ਇਹ ਹੌਕੇ ਹੀ ਮੁਕੱਦਰ ਨੇ, ਨਾ ਹਾਸੇ ਮੇਚ ਆਏ ਨੇ।

ਵਫ਼ਾ ਮੌਸਮ ਕਰੇ ਤਾਂ ਹੀ, ਕਿਤੇ ਆਵੇ ਮਹਿਕਾਂ ਨੂੰ ਸਾਹ,
ਅਜੇ ਤਾਂ ਰੰਗ ਫੁੱਲਾਂ ਤੋਂ, ਬਹਾਰਾਂ ਨੇ ਲੁਕਾਏ ਨੇ।

ਸਿਤਮ ਸਹਿੰਦਾ ਹਾਂ ਮੈਂ ਜਿਸਦੇ ਗੁਲਾਮੀ ਜਿਸਦੀ ਕਰਦਾਂ ਮੈਂ,
ਭਰੀ ਮਹਿਫ਼ਲ 'ਚ ਗ਼ੈਰਾਂ ਦੇ ਅੱਜ ਉਸਨੇ ਗੀਤ ਗਾਏ ਨੇ।

ਭਰੇ ਟੈਚੀ ਹੀ ਖਾ ਜਾਵਣ, ਪਚਣ ਤੋਪਾਂ ਤੇ ਚਾਰੇ ਵੀ,
ਅਸਾਂ ਜੋ ਵੋਟ ਪਾ ਅਪਣੀ, ਇਹ ਤਖ਼ਤਾਂ ਤੇ ਬਿਠਾਏ ਨੇ।

ਇਨ੍ਹਾਂ ਦੀ ਦੇਸ਼ ਭਗਤੀ ਨੇ, ਨਾ ਪੱਲੇ ਦੇਸ਼ ਦੇ ਛੱਡਿਆ,
ਇਹ ਅਪਣੇ ਹੁੰਦਿਆਂ ਹੋਇਆਂ, ਸਦਾ ਲਗਦੇ ਪਰਾਏ ਨੇ।

ਤੂੰ ਸੂਰਜ ਸੀ ਕਦਮ ਤੇਰੇ, ਵਧੇ ਕਿਉਂ ਨਾ ਦਿਨੇ ਰਾਤੀਂ,
ਨਾ ਜਾਣੇ ਭੇਤ ਕਿਉਂ ਦਿਲ ਦੇ, ਤੂੰ ਕਿਰਨਾਂ ਤੋਂ ਛੁਪਾਏ ਨੇ।

ਨਾ ਛਾਵਾਂ ਹੀ ਨਾ ਫਲ ਕੋਮਲ, ਨਾ ਮਹਿਕਾਂ ਨੇ ਸਿਰਫ਼ ਸੂਲਾਂ,
ਇਹ ਦੇਂਦੇ ਸਾਥ ਨ੍ਹੇਰੀ ਦਾ,ਜੋ ਵੇਹੜੇ ਰੁੱਖ ਲਾਏ ਨੇ।

71

ਤੇਰੀਆਂ ਇਹ ਤਸਵੀਰਾਂ ਨੇ।
ਮੇਰੀਆਂ ਇਹ ਜਾਗੀਰਾਂ ਨੇ।

ਮੁੜ੍ਹਕੋ ਮੁੜ੍ਹਕੀ ਹਫੀਆਂ ਹੋਈਆਂ,
ਲਗਦਾ ਇਹ ਤਕਦੀਰਾਂ ਨੇ।

ਦਿਲ ਤਾਂ ਹੱਟੀ ਬੰਦ ਕਰ ਗਿਆ,
ਪੁੱਛਿਆ ਜਦ ਦਿਲਗੀਰਾਂ ਨੇ।

ਅੱਖਰਾਂ ਵਿਚ ਨਾ ਲਿਖਿਆ ਜਾਣਾ,
ਹੁਣ ਅੱਖਾਂ ਦੇ ਨੀਰਾਂ ਨੇ।

ਸਾਹਿਬਾਂ ਤੇ ਫਿਰ ਆਪੇ ਮਰ ਗਈ,
ਮਿਰਜ਼ਾ ਵੱਢਿਆ ਵੀਰਾਂ ਨੇ।

ਕੈਦੀ ਮਨ ਸੀ ਉਮਰਾ ਭਰ ਲਈ,
ਹੰਢਣਾ ਖ਼ਾਕ ਸਰੀਰਾਂ ਨੇ!

ਏਦਾਂ ਰੁਲਣਾ ਸੀ ਨਾ ਦੱਸਿਆ,
ਹੱਥਾਂ ਦੀਆਂ ਲਕੀਰਾਂ ਨੇ।

ਮਰਦੇ ਨਾ ਸੀ ਏਨੇ ਸੌਖੇ,
ਮਾਰਿਆ ਟੇਢੇ ਚੀਰਾਂ ਨੇ

ਮਾੜੇ ਦਾ ਵੀ ਚੰਗਾ ਕਰਨਾ,
ਦੱਸਿਆ ਕੋਮਲ ਪੀਏਾਂ ਨੇ

ਤਨ ਦਾ ਕੱਜਣ ਨਾ ਸੀ ਔਖਾ
ਡੋਬਿਆ ਮਨ ਦੀਆਂ ਲੀਰਾਂ ਨੇ।

72

ਸਹਿ ਲਈ ਸੀ ਔਖ ਵਿਚ ਵੀ, ਤਨ ਨੇ ਤਾਂ ਪਿਆਸ ਏਨੀ।
ਅੱਜ ਸਹਿ ਨਾ ਹੋਈ ਮਨ ਤੋਂ, ਬੀਵੀ ਉਦਾਸ ਏਨੀ!

ਦਿਸਦੀ ਰਸੋਈ ਖ਼ਾਲੀ, ਤਲਖੀ ਚ, ਤਾਂ ਹੀ ਜਾਪੇ,
ਜਦ ਦੀ ਵਿਆਹੀ ਆਈ, ਨਾ ਸੀ ਨਿਰਾਸ ਏਨੀ!

ਕੀ ਹਾਲ ਏ.ਟੀ.ਐਮ ਦਾ, ਮੈਥੋਂ ਉਹ ਪੁੱਛ ਬੈਠੀ,
ਸੁਣ ਕੇ ਕਦੇ ਨਾ ਹੋਈ, ਪਹਿਲਾਂ ਹਰਾਸ ਏਨੀ।

ਖਾ ਗਈ ਏ ਚੁੱਪ ਉਸਦੀ, ਬੁੱਲ੍ਹਾਂ ਤੇ ਮੇਰੇ ਹਾਸੇ,
ਪੈਣੇ ਇਹ ਦਿਨ ਹੰਢਾਣੇ, ਨਾ ਸੀ ਕਿਆਸ ਏਨੀ!

ਗੁਰਬਤ ਦੇ ਮਾਰਿਆਂ ਨੂੰ, ਦੇਵਣ ਨਾ ਲੇਖ ਢੋਈ,
ਆਸਾਂ ਦੇ ਬੋਹਲ ਹੀ ਨੇ, ਵਣਜਾਂ ਲਈ ਰਾਸ ਏਨੀ!

ਇਸ ਚਾਕਰੀ ਨੂੰ ਅਪਣੀ ਰੱਤ ਖ਼ੂਬ ਹੈ ਪਿਆਈ,
ਚਾਹੁੰਦੀ ਸੀ ਸਾਹ ਵੀ ਪੀਣੇ, ਇਸ ਨੂੰ ਸੀ ਪਿਆਸ ਏਨੀ।

ਨ੍ਹੇਰੇ ਸਫ਼ੇ ਤੇ ਕੋਮਲ, ਚਾਨਣ ਦੇ ਹਰਫ਼ ਲਿਖਦੈਂ,
ਤੇਰੀ ਗ਼ਜ਼ਲ ਤਾਂ ਸਾਨੂੰ, ਜਚਦੀ ਨਾ ਖਾਸ ਏਨੀ

73

ਹੁਣ ਆਸ ਦੇ ਬਚੇ ਨਾ, ਬਹੁਤੇ ਨਿਸ਼ਾਨ ਬਾਕੀ,
ਅਜੇ ਹੋਰ ਜ਼ਿੰਦਗੀ ਵਿਚ, ਨੇ ਇਮਤਿਹਾਨ ਬਾਕੀ।

ਕੋਹਿਆ ਸੀ ਤਨ ਬਥੇਰਾ, ਜੰਗਲਾਂ 'ਚ ਰਿਜ਼ਕ ਖਾਤਿਰ
ਮਨ ਦੇ ਲਈ ਅਜੇ ਵੀ, ਸੀ ਸੁੰਨਸਾਨ ਬਾਕੀ।

ਕਿੰਨੇ ਕੁ ਜ਼ਖ਼ਮ ਕਰਕੇ, ਬੁੱਲ੍ਹਾਂ ਤੇ ਆਉਣ ਹਾਸੇ,
ਸਭ ਕੁਝ ਲੁਟਾ ਕੇ ਬੈਠੇ, ਇਹਨਾਂ ਦੀ ਸ਼ਾਨ ਬਾਕੀ!

ਵਾਵਾਂ ਦੀ ਬੇਰੁਖ਼ੀ ਨੇ ਹੈ ਤਾਰ ਤਾਰ ਕੀਤਾ,
ਅਪਣੇ ਯਕੀਨ ਦਾ ਪਰ, ਹੈ ਬਾਦਬਾਨ ਬਾਕੀ!

ਉਸਦੇ ਬਗੈਰ ਅਪਣਾ ਏਥੇ ਨਾ ਕੋਈ ਮਿਲਿਆ,
ਫੋਲੀ ਏ ਧਰਤ ਸਾਰੀ, ਹੈ ਅਸਮਾਨ ਬਾਕੀ!

ਇਸ ਤੜਪ ਦੇ ਕਦੋਂ ਕੂ, ਪੈਣੇ ਨੇ ਰੰਗ ਮਾਂਦੇ,
ਹੰਭੇ ਨੇ ਪੈਰ ਸਾਡੇ, ਤੇਰੀ ਉਡਾਨ ਬਾਕੀ!

ਪੈਰਾਂ 'ਚ, ਮੰਜਿਲਾਂ ਦੇ ਚਾਅ ਨੇ ਅਜੇ ਸਲਾਮਤ,
ਸਾਹ ਵੀ ਵਫ਼ਾ ਕਰਨਗੇ, ਕੋਮਲ ਚ, ਜਾਨ ਬਾਕੀ!

74

ਰਾਹਾਂ ਤੇ ਓਸ ਨੂੰ ਜੇ ਏਨਾ ਯਕੀਨ ਹੁੰਦਾ।
ਤੂੰ ਹੀ ਈਮਾਨ ਹੁੰਦਾ, ਤੇ ਤੂੰ ਹੀ ਦੀਨ ਹੁੰਦਾ!

ਮੰਜ਼ਿਲ ਨੇ ਕਦਮ ਉਸਦੇ, ਚੁੰਮਣੇ ਸੀ ਆਪ ਆ ਕੇ,
ਇਨਸਾਫ਼ ਲੇਖ ਕਰਦੇ, ਕੰਮ ਵਿਚ ਜੇ ਲੀਨ ਹੁੰਦਾ!

ਕਰਦੇ ਵਫ਼ਾ ਜੇ ਮੌਸਮ, ਤੇ ਮਿਹਰਬਾਨ ਰੁੱਤਾਂ
ਖ਼ਾਬਾਂ ਨੂੰ ਬੂਰ ਪੈਂਦਾ, ਪੱਧਰੀ ਜ਼ਮੀਨ ਹੁੰਦਾ।

ਹੈ ਵਕਤ ਸਿਰ ਉਹ ਜਾਂਦਾ, ਮੁੜਦਾ ਵੀ ਦੇਰ ਕਰਕੇ,
ਲਗਦਾ ਹੈ ਨੋਟਾਂ ਵਾਲੀ, ਬੰਦਾ ਮਸ਼ੀਨ ਹੁੰਦਾ!

ਜੁੜਿਆ ਜੇ ਹੋਏ ਅੰਦਰੋਂ, ਹੁੰਦਾ ਨਿਰਾ ਉਹ ਮਿਸ਼ਰੀ,
ਟੁੱਟੇ ਜੇ ਓਸ ਨਾਲੋਂ, ਪੂਰਾ ਕੁਨੀਨ ਹੁੰਦਾ!

ਇਤਫ਼ਾਕ ਜਾਂ ਕਰਿਸ਼ਮਾ, ਦੋ ਪਲ ਦੇ ਫ਼ਰਕ ਤੇ ਹੀ,
ਮੇਰੇ ਸ਼ਿਅਰ ਚੋਂ ਨਿਕਲਕੇ, ਰੂਹ ਏ ਜ਼ਮੀਨ ਹੁੰਦਾ!

ਲਭਦਾ ਕਦੇ ਤਾਂ ਵਿਛਿਆ, ਹਰਫ਼ਾਂ ਚ, ਵਰਕਿਆਂ ਤੇ,
ਦਿਸਦਾ ਨਾ ਸ਼ੀਸ਼ਿਆਂ ਥੀਂ, ਕੋਮਲ ਮਹੀਨ ਹੁੰਦਾ!

75

ਕਦੇ ਤਰਦਾ ਕਦੇ ਡੁੱਬਦਾ, ਕਦੇ ਡੁੱਬਦਾ ਕਦੇ ਤਰਦਾ।
ਦਮਾਂ ਵਿਚ ਦਮ ਨਹੀਂ ਬਾਕੀ, ਅਜੇ ਵੀ ਦਮ ਤੇਰਾ ਭਰਦਾ।

ਲਏ ਖੋਹ ਬੋਲ ਬੁਲ੍ਹਾਂ ਤੋਂ, ਜਿਨ੍ਹਾਂ ਨੇ ਪੀ ਲਏ ਹਾਸੇ,
ਕਿ ਉਹ ਦੁਸ਼ਮਣ ਜਿਹੇ ਸੱਜਣ, ਬੜਾ ਦਿਲ ਯਾਦ ਹੈ ਕਰਦਾ।

ਇਹ ਤੇਰੀ ਯਾਦ ਦੇ ਗਹਿਣੇ, ਜੋ ਲਮਕਣ ਤਨ ਮੇਰੇ ਲੀਰਾਂ,
ਰਿਹਾ ਨਾ ਇਲਮ ਜਗ ਦਾ ਹੀ, ਗਿਆ ਭੁਲ ਸਭ ਤੇਰਾ ਬਰਦਾ।

ਬੁਲਾ ਲੈਂਦੇ ਜੇ ਮਹਿਫ਼ਲ ਵਿਚ, ਨਾ ਏਦਾਂ ਅਜਨਬੀ ਬਣਦੇ,
ਸੀ ਜਿਤ ਜਾਣਾ ਤੁਸਾਂ ਫਿਰ ਵੀ, ਤੇ ਮੈਂ ਨਾ ਇਸ ਤਰ੍ਹਾਂ ਹਰਦਾ।

ਬਿਕਦਗੀ ਕਰਨ ਜਦ ਅਪਣੇ, ਖ਼ੁਸ਼ੀ ਹੁੰਦੀ ਏ ਗੈਰਾਂ ਨੂੰ,
ਤਰਸ ਆਉਂਦਾ ਹੈ ਅਪਣੇ ਤੇ, ਕੋਈ ਦੇਵੇ ਪਤਾ ਘਰ ਦਾ।

ਸਿਫ਼ਤ ਉਸਦੀ ਕਰਮ ਮੇਰਾ, ਸੁਬ੍ਹਾ ਸ਼ਾਮੀ ਦਿਨੇ ਰਾਤੀਂ,
ਕਦੇ ਹੌਕੇ ਕਦੇ ਆਹੀਂ, ਕਦੇ ਬਲਦਾ ਕਦੇ ਠਰਦਾ।

ਦਰੀਂ ਤੇਰੇ ਦੁਆ ਵਰਗੇ, ਜੇ ਬੋਲਾਂ ਦਾ ਨਾ 'ਮੀਂਹ ਪੈਂਦਾ,
ਥਲਾਂ ਵਰਗਾ ਸੀ ਦਿਲ ਹੋਣਾ, ਨਜ਼ਰ ਚੋਂ ਸੌਣ ਹੀ ਵਰ੍ਹਦਾ।

ਨਜ਼ਰ ਦੋਸ਼ੀ ਇਹ ਦਿਲ ਦੋਸ਼ੀ, ਇਹ ਤਨ ਦੋਸ਼ੀ ਤੇ ਮਨ ਦੋਸ਼ੀ,
ਜਮੀਰਾਂ ਮਾਰਦਾ ਕੋਮਲ, ਖ਼ਤਾ ਕਰਕੇ ਹੈ ਕਿਉਂ ਡਰਦਾ

76

ਕਰਨ ਗੱਲ ਕੰਮ ਕਾਰਾਂ ਦੀ, ਗਲੀ-ਵਾਟੇ ਜੋ ਮਿਲਦੇ ਨੇ,
ਘਰਾਂ ਦੀ ਸੁੱਖ ਪੁੱਛਦੇ ਨੇ, ਨਾ ਪੁੱਛਦੇ ਹਾਲ ਦਿਲ ਦੇ ਨੇ।

ਰਸਮ ਨਿਕਲੀ ਕਸਮ ਉਸਦੀ, ਕਰੇ ਇਤਬਾਰ ਕੀ ਕੋਈ,
ਪਤਾ ਨਾ ਸੀ ਕਿ ਦਿਲ ਕਾਲੇ, ਵੀ ਹੁੰਦੇ ਵਾਂਗ ਤਿਲ ਦੇ ਨੇ!

ਬਹਾਰਾਂ ਨੂੰ ਕੋਈ ਆਖੇ, ਇਜਾਜ਼ਤ ਦੇਣ ਮਹਿਕਣ ਦੀ
ਉਮੀਦਾਂ ਵਾਂਗ ਵੇਹੜੇ ਵਿਚ, ਕਦੇ ਜੋ ਫੁੱਲ ਖਿਲਦੇ ਨੇ।

ਅਜੇ ਤਾਂ ਸ਼ਹਿਰ ਤੇਰੇ ਵਿਚ, ਵਗੇ ਖ਼ੁਦ ਪੌਣ ਹੀ ਰੋਗੀ,
ਇਹ ਦਿਨ ਰਾਤਾਂ ਸੁਬ੍ਹਾ ਸ਼ਾਮਾਂ, ਸਭੇ ਬੀਮਾਰ ਮਿਲਦੇ ਨੇ।

ਜੇ ਸ਼ੀਸ਼ੇ ਝੂਠ ਬੋਲਣਗੇ, ਕਿਵੇਂ ਇਨਸਾਫ਼ ਭਾਲੋਗੇ,
ਏਥੇ ਕਾਨੂੰਨ ਪਹਿਲਾਂ ਹੀ, ਬਣੇ ਪੱਥਰ ਦੀ ਸਿਲ ਦੇ ਨੇ।

ਹੈ ਜਿੱਥੇ ਰਿਸ਼ਵਤੀ ਕਾਜ਼ੀ, ਕਰੋਗੇ ਗੱਲ ਕੀ ਹੱਕਾਂ ਦੀ,
ਗੁਆਉਂਦੇ ਹੱਕ ਲੈ ਵੱਢੀਆਂ, ਸਦਾ ਸੱਚੇ ਨੂੰ ਛਿਲਦੇ ਨੇ।

ਜਿਨਾਂ ਦੇ ਸਿਦਕ ਨੇ ਕਾਮਲ, ਉਨਾਂ ਲਈ ਯਾਰ ਹੀ ਸਭ ਕੁਝ,
ਮਰਨ ਤੇ ਜੀਣ ਸਾਂਵਾਂ ਹੈ, ਉਹ ਕੱਚਿਆਂ ਤੇ ਵੀ ਠਿੱਲਦੇ ਨੇ।

ਹੈ ਬੀਵੀ ਆਖਦੀ ਕੋਮਲ, ਕੀ ਗ਼ਜ਼ਲਾਂ ਕਰਨੀਆਂ ਆਪਾਂ
ਜਰੂਰਤ ਗੈਸ ਦੀ ਪਹਿਲਾਂ, ਫ਼ਿਕਰ ਬਿਜਲੀ ਦੇ ਬਿਲ ਦੇ ਨੇ।

77

ਜਦੋਂ ਕਿ ਬਾਰਗਾਹ ਤੇਰੀ, ਤੇ ਸਿਜਦਾ ਕਰਨ ਆਇਆ ਹਾਂ।
ਤੇ ਦੁਖ ਅਪਣੇ ਦਰੀਂ ਤੇਰੇ, ਚੜ੍ਹਾਵਾ ਧਰਨ ਆਇਆ ਹਾਂ।

ਚੁਫੇਰੇ ਅੱਗ ਹੀ ਅਗ ਦਿਸਦੀ, ਬਚਣ ਮੁਸ਼ਕਿਲ ਬਿਨਾ ਸੜਿਆਂ,
ਉਪਾਅ ਏਥੇ ਨਾ ਕੰਮ ਕਰਦੇ, ਤਦੇ ਮੈਂ ਸ਼ਰਨ ਆਇਆ ਹਾਂ।

ਰਹੇ ਜਿਤਦੇ ਸਾਂ ਹਰ ਹਰ ਕੇ, ਮੁਖਾਲਿਫ਼ ਸਨ ਸਦਾ ਲੋਕੀਂ,
ਹੈ ਜਿੱਤਿਆ ਜੋ ਜ਼ਮਾਨੇ ਤੋਂ, ਤੇਰੇ ਦਰ ਹਰਨ ਆਇਆ ਹਾਂ।

ਇਜਾਜ਼ਤ ਜੇ ਨਾ ਮਹਿਕਣ ਦੀ, ਤਾਂ ਫੁੱਲ ਦੀ ਜੂਨ ਨਾ ਦੇਂਦੋਂ
ਕਰਨਗੇ ਛਾਨਣੀ ਕੰਡੇ, ਕੀ ਇਹ ਦੁੱਖ ਜਰਨ ਆਇਆ ਹਾਂ।

ਖਲਾਅ ਬਣਿਆਂ ਸਦਾ ਦਿਲ ਵਿਚ, ਇਹ ਜੀਵਨ ਭਰ ਨ ਭਰ ਹੋਇਆ।
ਤੇ ਰੂਹ ਨੂੰ ਖਾਂਦਾ ਸੁੰਨਾਪਨ, ਉਸੇ ਨੂੰ ਭਰਨ ਆਇਆ ਹਾਂ।

ਇਹ ਤਨ ਬਲਦਾ ਇਹ ਮਨ ਬਲਦਾ, ਰਹੇ ਬਲਦੇ ਇਹ ਜੀਵਨ ਭਰ,
ਚਿਖ਼ਾ ਤੇ ਚੜ੍ਹਨ ਤੋਂ ਪਹਿਲਾਂ, ਤੇਰੇ ਦਰ ਠਰਨ ਆਇਆ ਹਾਂ।

ਸਿਆਣਪ ਸਭ ਤੇ ਚਤੁਰਾਈ, ਕੋਈ ਵੀ ਨਾਲ ਨਾਂ ਮੇਰੇ,
ਬਥੇਰੇ ਹੁਕਮ ਕਰ ਲਏ ਸੀ, ਗੁਲਾਮੀ ਵਰਨ ਆਇਆ ਹਾਂ।

ਇਹ ਸਾਗਰ ਅੱਗ ਦਾ ਕੋਮਲ, ਬਿਨਾਂ ਤੇਰੇ ਨਾ ਤਰ ਹੋਣਾ,
ਤਿਰੀ ਲੈ ਓਟ ਦਰ ਢੱਠਿਆਂ, ਇਹ ਸਾਗਰ ਤਰਨ ਆਇਆ ਹਾਂ

78

ਪਤਾ ਉਹ ਕਰਨਗੇ ਉਸਦਾ, ਦਰਾਂ ਤੋਂ ਜਾਂ ਦੀਵਾਰਾਂ ਤੋਂ।
ਜੋ ਹੋਇਆ ਗੁੰਮ ਹਰਫ਼ਾਂ ਵਿਚ, ਤੇ ਰੁਸਿਆ ਹੈ ਬਹਾਰਾਂ ਤੋਂ।

ਤਲਾਸ਼ੀ ਗੀਤ ਦੀ ਲੈਣੀ, ਤੇ ਜਾਂ ਨਜ਼ਮਾਂ ਤੋਂ ਪੁਛ ਲੈਣਾ,
ਗਜ਼ਲ ਹੋਵੇਗੀ ਆਈਨਾ, ਬਚੀ ਹੋਵੇਗੀ ਖਾਰਾਂ ਤੋਂ!

ਹੰਢਾਇਆ ਬਹੁਤ ਕੁਝ ਪਿੰਡੇ, ਇਹ ਦਸਦੇ ਨੇ ਕਦਮ ਸਾਬਤ,
ਨਾ ਹੱਸਦਾ ਵੇਖ ਜਿੱਤਾਂ ਨੂੰ, ਮੁਤਾਸਿਰ ਸੀ ਉਹ ਹਾਰਾਂ ਤੋਂ।

ਮੁਹੱਬਤ ਹਾਦਸਾ ਹੁੰਦੀ, ਅਚਾਨਕ ਵਾਪਰੇ ਇਕ ਦਿਨ,
ਇਹ ਰਹਿੰਦੇ ਜ਼ਖ਼ਮ ਜੀਵਨ ਭਰ, ਨਾ ਦਿਲ ਮਿਲਦੇ ਬਜ਼ਾਰਾਂ ਤੋਂ।

ਕਿਤਾਬਾਂ ਵਿਚ ਤਾਂ ਕਿੱਸੇ ਨੇ, ਹੰਢਾਵੇ ਤਨ ਪਤਾ ਲਗਦਾ,
ਨਸੀਬਾਂ ਦੇ ਧਨੀ ਹੁੰਦੇ, ਬਚਣ ਜੋ ਯਾਰ ਮਾਰਾਂ ਤੋਂ

ਇਹ ਅਧਵਾਟੇ ਡੁਬੋਵੇਗੀ, ਬਚੀਂ ਇਸ ਆਸ਼ਨਾਈ ਤੋਂ,
ਐ ਕੋਮਲ ਇਸ਼ਕ ਦੇ ਵਣਜੋਂ, ਕਿਸੇ ਖੱਟਿਆ ਨਾ ਯਾਰਾਂ ਤੋਂ

79

ਮੌਸਮ ਜੇ ਇਸ ਤਰ੍ਹਾਂ ਹੀ ਖਰਾਬ ਰਹਿਣਗੇ,
ਤਾਂ ਤਖਤ ਜੀਂਦੇ ਕਿਸ ਤਰ੍ਹਾਂ ਇਹ ਜਨਾਬ ਰਹਿਣਗੇ।

ਲੂਹੇ ਨੇ ਕੂਲੇ ਰੁੱਖ ਕਿਉਂ ਹੈ ਬੇਲਿਆਂ ਚ, ਸ਼ੋਰ,
ਮੁੱਢਾਂ ਸਹਿਮਿਆਂ ਦੇ, ਰੋਂਦੇ ਖਾਬ ਰਹਿਣਗੇ।

ਹੱਤਿਆਰੇ ਮੇਰੇ ਕੌਣ ਨੇ, ਅਪਣੇ ਜਾਂ ਕੁਰਸੀਆਂ,
ਇਹ ਖੜੇ ਤਾਰੀਖ ਵੱਲ ਹਿਸਾਬ ਰਹਿਣਗੇ।

ਬਾਦਸ਼ਾਹ ਦੀ ਕਬਰ ਦੇ, ਜਨੌਰ ਬੋਲਦੇ,
ਚੜ੍ਹਦੇ ਸਤਿਗੁਰੂ ਦੇ ਦਰ ਗੁਲਾਬ ਰਹਿਣਗੇ।

ਸਿਰ ਘਰੇ ਹੀ ਛਡ ਜਾ, ਜੇ ਜਾਣਾ ਸੜਕ ਤੇ
ਜਿੰਦਗੀ ਦੇ ਵਣਜ ਵਿੱਚ ਲਾਭ ਰਹਿਣਗੇ।

ਕੋਮਲ ਨੇ ਮੁਕਾ ਲਏ, ਬੇਸ਼ਕ ਪੈਂਡੇ ਉਮਰ ਦੇ।
ਪਰ ਨੈਣ ਤੇਰੀ ਦੀਦ ਲਈ, ਬੇਤਾਬ ਰਹਿਣਗੇ।

80

ਛਾਵਾਂ ਦੇ ਹੱਕ ਖੋਹ ਲਏ, ਧੁੱਪੇ ਖਲ੍ਹਾਰ ਦਿੱਤੇ,
ਦਿਲਬਰ ਨੇ ਵੇਖ ਕਿੰਨੇ, ਸਾਨੂੰ ਪਿਆਰ ਦਿੱਤੇ।

ਹਾਸੇ ਸੀ ਹੱਕ ਉਨ੍ਹਾਂ ਦਾ, ਹੌਕੇ ਸੀ ਸਾਡਾ ਹਿੱਸਾ,
ਉਸ ਵੇਖ ਅਪਣੇ ਹੌਕੇ, ਸਾਡੇ ਤੋਂ ਵਾਰ ਦਿੱਤੇ।

ਤੇਰੇ ਹਵਨ ਚ, ਬਲਦੀ, ਅੱਗ ਸਾਡੇ ਚੁੱਲਿਆਂ ਦੀ,
ਜਾ ਖਾਬ ਆਪਣੇ ਸਾਰੇ, ਤੈਨੂੰ ਉਧਾਰ ਦਿੱਤੇ।

ਜੋਬਨ ਦੀ ਰੁੱਤ 'ਚ ਉੱਗਿਆ, ਇਸ਼ਕੇ ਦਾ ਰੁੱਖ ਕੈਸਾ,
ਬਿਰਹੋਂ ਦੇ ਫਲ ਕੁਰੁੱਤੇ, ਵਿਹੜੇ ਖਿਲਾਰ ਦਿੱਤੇ।

ਮੇਰੀ ਰੂਹ ਨੂੰ ਆਸਰਾ ਨਾ, ਹੁਣ ਦੇਣ ਤੇਰੇ ਵਾਅਦੇ,
ਜਾ ਤੈਨੂੰ ਅਪਣੇ ਸਾਹਾਂ ਦੇ, ਇਖ਼ਤਿਆਰ ਦਿੱਤੇ।

ਜੋ ਵਣਜੀਆਂ ਸੀ ਖੁਸ਼ੀਆਂ, ਸਭ ਤੇਰੇ ਰਹਿਮ ਤੇ ਨੇ,
ਤੇਰੀ ਰਹਿਮਤੋਂ ਹਾਂ ਵਾਂਝੇ, ਤੂੰ ਕਿਉਂ ਵਿਸਾਰ ਦਿੱਤੇ।

ਲਾਹੇ ਤੇ ਤੋਟਿਆਂ ਦਾ, ਲੇਖਾ ਕਰੀ ਜਾ ਕੋਮਲ,
ਉਮਰਾਂ ਲਈ ਕਿਸੇ ਨੇ, ਏਹ ਰੋਜ਼ਗਾਰ ਦਿੱਤੇ।

81

ਮਚਦੇ ਨੇ ਮੇਰੇ ਪੈਰ ਜੋ ਵਿਚ ਗਲੀਆਂ ਤੇਰੀਆਂ,
ਨਾ ਹੋਣੀਆਂ ਸੀ ਗ਼ਮ ਦੀਆਂ ਉਮਰਾਂ ਲੰਮੇਰੀਆਂ।

ਬੈਠਾਂ ਹਾਂ ਰਾਹ ਦੇ ਮੋੜ ਦੇ, ਇਸ ਚੁਪ ਦੀ ਰੁੱਤ ਵਿਚ,
ਅੱਥਰੂ ਨੇ ਮੇਰੇ ਮੇਘਲੇ, ਆਹਵਾਂ ਹਨੇਰੀਆਂ।

ਬਿੱਲਾਂ ਦੇ ਵਿਚ ਹੀ ਮੁੱਕ ਗਿਆ ਹੈ, ਕਿਰਾਇਆ ਜਿੰਦ ਦਾ,
ਫੀਸਾਂ ਅਤੇ ਟਿਊਸ਼ਨਾਂ ਬਾਕੀ ਬਥੇਰੀਆਂ।

ਖੜੀਆਂ ਨੇ ਤਾਂ ਹੀ ਸੜਕ 'ਤੇ ਰਫਲਾਂ ਤੇ ਵਰਦੀਆਂ,
ਅੱਜ ਪਾਉਣੀਆਂ ਨੇ ਸ਼ਹਿਰ ਵਿਚ ਹਾਕਮ ਨੇ ਫੇਰੀਆਂ।

ਬਚ ਕੇ ਰਿਹਾ ਕਰ ਪੁੱਤਰਾ, ਦੁਨੀਆਂ ਦੀ ਭੀੜ ਤੋਂ,
ਲਿਖੀਆਂ ਪਿਤਾ ਨੇ ਖ਼ਤ 'ਚ, ਨਸੀਹਤਾਂ ਬਥੇਰੀਆਂ।

ਕੋਮਲ ਤਿਹਾਇਆ ਗ਼ਮ ਤਿਰਾ, ਕਿਉਂ ਮੇਰੀ ਰੱਤ ਦਾ,
ਰੂਹ ਵਾਂਗਰਾਂ ਕਿਉਂ ਵਸ ਗਿਆ ਵਿਚ ਗਜ਼ਲਾਂ ਮੇਰੀਆਂ।

82

ਚੰਨ ਤੁਰ ਗਿਆ ਬਿਠਾ ਕੇ, ਸਾਨੂੰ ਤਾਰਿਆਂ ਦੀ ਲੋਏ,
ਸਾਡਾ ਹਾਲ ਵੇਖ ਨ੍ਹੇਰੇ, ਆਂਹਦੇ ਨੇ ਬਹੁਤ ਰੋਏ।

ਲਏ ਖ਼ਾਬ ਨਾ ਅਸਾਂ ਸੀ, ਬੇਆਸ ਮੌਸਮਾਂ ਦੇ,
ਕੋਈ ਫੁੱਲ ਇਸ ਚਮਨ ਦਾ, ਤਕਦੀਰ ਸਾਡੀ ਹੋਏ।

ਹੁਣ ਐਨਕਾਂ ਥੀਂ ਦਿਸਦੇ, ਪੁਸਤਕ ਦੇ ਹਰਫ਼ ਯਾਰੋ,
ਜ਼ੁਲਫਾਂ ਸਿਆਹ ਕਰ ਕੇ, ਕੋਈ ਉਮਰ ਨੂੰ ਲੁਕੋਏ।

ਸ਼ਮਸ਼ਾਨ ਤੀਕ ਨਿਭਣਾ, ਹੈ ਤੇਰੇ ਵਾਅਦਿਆਂ ਨੇ,
ਹੁਣ ਮੇਰੇ ਸਿਰ ਨੇ ਇਹ ਵੀ, ਅਹਿਸਾਨ ਤੇਰੇ ਹੋਏ।

ਇਕਲਾਪੇ ਦੇ ਥਲਾਂ ਵਿਚ, ਪਏ ਮਾਰਦੇ ਨੇ ਵਾਜਾਂ,
ਜੋਬਨ ਦੀ ਰੁੱਤ ਚ ਮੇਰੇ ਸਨ ਖ਼ਾਬ ਜਿਹੜੇ ਮੋਏ।

ਸਰਮਾਇਆ ਜ਼ਿੰਦਗੀ ਦਾ, ਹੁਣ ਬਣ ਗਏ ਨੇ ਕੋਮਲ,
ਮੇਰੇ ਪਿੰਡ ਦੇ ਪੈਂਡਿਆਂ ਦੇ, ਜੋ ਦਰਦ ਸੀ ਨਰੋਏ

83

ਇਹ ਮਹਿਲ ਮੁਹੱਬਤਾਂ ਦਾ, ਢਹਿੰਦਾ ਕਦੇ ਉਸਰਦਾ।
ਹੈ ਬਣਿਆ ਹੋਇਐ ਸਭਦਾ, ਬਸ ਰਿਸ਼ਤਿਆ 'ਨਾ ਪਰਦਾ।

ਮੇਰੇ ਹਾਸਿਆਂ ਦੀ ਦੁਸ਼ਮਣ, ਤੇਰੀ ਜੇ ਚੁੱਪ ਨਾ ਹੁੰਦੀ,
ਕੋਈ ਫੁੱਲਾਂ ਵਰਗਾ ਨਗਮਾ, ਤੇਰੀ ਤਲੀ ਤੇ ਧਰਦਾ।

ਹੂਟਰ ਕਰਾਣ ਪਾਸੇ, ਸੜਕਾਂ ਤੋਂ ਬੰਦਿਆਂ ਨੂੰ,
ਦਿਸਦੇ ਨੇ ਬੰਬ ਬੰਦੇ, ਬੰਦੇ ਤੋਂ ਬੰਦਾ ਡਰਦਾ।

ਕਿੰਨਾ ਬੇਦਰਦ ਮੌਸਮ, ਤੇ ਦਿਨ ਨੇ ਰਾਤੋਂ ਕਾਲੇ,
ਅਮਨਾਂ ਦਾ ਕੋਈ ਰਾਖਾ, ਆਵਾਜ਼ਾਂ ਕਤਲ ਕਰਦਾ।

ਘਰ ਕਾਰਾਂ ਪੁੱਤ ਪੋਤੇ, ਨਿਤ ਰੱਬ ਕੋਲੋਂ ਮੰਗੇ,
ਤੇ ਫਿਰ ਵੀ ਆਖਦਾ ਏ, ਮੈਂ ਭਿਖਾਰੀ ਤੇਰੇ ਦਰ ਦਾ।

ਬੋਲਾਂ ਦਾ ਬਹੁਤ ਸਾਊ, ਦਿਲ ਦਾ ਵੀ ਮਾੜਾ ਹੈ ਨਈਂ,
ਸੱਚ ਆਖ ਦੇਵੇ ਕੋਮਲ, ਬੰਦਾ ਹੈ ਉਂਝ ਤਾਂ ਘਰ ਦਾ

84

ਜੀਵਾਂ ਬਗੈਰ ਤੇਰੇ ਕਾਬਿਲ ਨਾ ਇਸ ਸਜ਼ਾ ਦੇ।
ਸਾਹ ਮੇਰੇ ਬਾਕੀ ਰਹਿੰਦੇ, ਪਾਤਰ ਤਿਰੀ ਦਇਆ ਦੇ।

ਬੇਲੋੜੀਆਂ ਨੇ ਝਿਜਕਾਂ, ਸ਼ਰਮਾਣਾ ਫ਼ਾਲਤੂ ਹੈ,
ਗੱਲ ਗੱਲ ਤੇ ਰੁੱਸ ਜਾਣਾ, ਬਦਲੇ ਮੇਰੀ ਵਫਾ ਦੇ।

ਗਲ ਬਲਦੇ ਟਾਇਰ ਪਾ ਕੇ, ਰਾਹੀਆਂ ਨੂੰ ਸਾੜਦੇ ਓ,
ਹੋਰਾਂ ਤੋਂ ਲੈਂਦੇ ਬਦਲੇ, ਕਿਸੇ ਹੋਰ ਦੀ ਖ਼ਤਾ ਦੇ।

ਚੁਣ ਚੁਣ ਕੇ ਜੰਗਲਾਂ ਚੋਂ, ਚੰਦਨ ਦੇ ਰੁੱਖ ਸਾੜੇ,
ਉਠ ਉਠ ਦਿਲਾਂ ਚੋਂ ਧੂੰਏਂ, ਫਿਰਦੇ ਨੇ ਵਿਚ ਹਵਾ ਦੇ।

ਪਹਿਲੀ ਉਡੀਕਾਂ ਖਾ ਲਈ, ਹੁਣ ਝੋਰਿਆਂ ਚ, ਗੁਜਰੂ,
ਵਾਰਾ ਨਾ ਖਾਣ ਸਾਨੂੰ, ਇਹ ਨੇਹੁੰ ਮਹਿੰਗੇ ਭਾਅ ਦੇ।

ਕੋਈ ਗਿਲਾ ਨਾ ਸ਼ਿਕਵਾ, ਰਿਹਾ ਜ਼ਿੰਦਗੀ ਤੇ ਬਾਕੀ,
ਕੋਮਲ ਨੇ ਸਿਖਿਆ ਰਹਿਣਾ, ਵਿਚ ਓਸ ਦੀ ਰਜ਼ਾ ਦੇ।

85.

ਤੁਸਾਂ ਜੇ ਦਰਦ ਅਪਣੇ ਦੀ, ਦਵਾ ਸਾਨੂੰ ਬਣਾਉਣਾ ਸੀ
ਜ਼ਖ਼ਮ ਦਾ ਵਾਸਤਾ ਦੇ ਕੇ, ਤੁਸਾਂ ਕਾਹਨੂੰ ਬੁਲਾਉਣਾ ਸੀ।

ਵਫ਼ਾ ਕਰਨਾ ਧਰਮ ਅਪਣਾ, ਤਰਸ ਕਰਨਾ ਬਿਤਰਸਾਂ ਤੇ,
ਤਿਰੇ ਇਸ ਕਰਮ ਕਰਕੇ ਹੀ, ਦਿਲਾਂ ਨੂੰ ਚੈਨ ਆਉਣਾ ਸੀ।

ਤੁਸੀਂ ਦੋ ਕਦਮ ਤੁਰ ਰੁੱਕ ਗਏ, ਅਸੀਂ ਤਾਂ ਤੋੜ ਨਿਭਣਾ ਸੀ,
ਲੰਮੇਰਾ ਪੰਧ ਉਮਰਾਂ ਦਾ, ਤੁਸਾਂ ਕਿੱਥੇ ਨਿਭਾਉਣਾ ਸੀ!

ਤੁਸੀਂ ਜੋ ਮੁੱਲ ਮੁੜ੍ਹਕੇ ਦਾ, ਕਿਤੇ ਕੌਡੀ ਵੀ ਪਾ ਦੇਂਦੇ,
ਤਲੀ ਤੇ ਜਾਨ ਰੱਖ ਕੇ ਵੀ, ਅਸਾਂ ਵਾਅਦਾ ਪੁਗਾਉਣਾ ਸੀ!

ਤਜ਼ਰਬੇ ਤਲਖ਼ ਹੁੰਦੇ ਨੇ, ਖ਼ੁਦਾ ਦੀ ਖ਼ਲਕ ਹੀ ਐਸੀ,
ਮਨਾਂ ਦੇ ਮੀਤ ਨਾ ਮਿਲਦੇ, ਕਿਸੇ ਦਿਲ ਕੀ ਵਰਾਉਣਾ ਸੀ!

ਸਮਝਦੇ ਕਿਉਂ ਨੇ ਸਭ ਕੁਝ ਹੀ, ਭਲਾ ਇਹ ਦੌਲਤਾਂ ਲੋਕੀਂ,
ਦਿਲਾਂ ਨਾ ਖੇਡਦੇ ਅਕਸਰ, ਇਨਾਂ ਰੱਬ ਵੀ ਖਿਡ੍ਹਾਉਣਾ ਸੀ!

ਰਹੇ ਬਣਿਆ ਸਦਾ ਪਰਦਾ, ਦੂਆ ਤਾਂ ਸੀ ਹਨੇਰੇ ਦੀ,
ਲਿਜਾਵਣ ਲੁਟ ਕੇ ਚਾਨਣ, ਉਨ੍ਹਾਂ ਤਾਂ ਨ੍ਹੇਰ ਪਾਉਣਾ ਸੀ!

ਵਫ਼ਾਵਾਂ ਵੀ ਵਿਕਾਊ ਨੇ, ਤਜਾਰਤ ਹੈ ਈਮਾਨਾਂ ਦੀ,
ਸ਼ਰਾਫ਼ਤ ਦਾ ਬਜਾਰਾਂ ਵਿਚ, ਕਿਸੇ ਦੀ ਮੁੱਲ ਪਾਉਣਾ ਸੀ।

ਤੇਰੇ ਨਾ ਆਉਣ ਦੇ ਕੋਮਲ, ਬਹਾਨੇ ਲੱਖ ਹੋਵਣਗੇ,
ਅਸਾਂ ਤਾਂ ਦੀਦ ਦੀ ਖ਼ਾਤਿਰ, ਤਿਰੀ ਮਹਿਫ਼ਲ 'ਚ ਉਆਣਾ ਸੀ।



ਕੋਮਲ ਦੀ ਸ਼ਾਇਰੀ ਦਿਲਾਂ ਵਿਚ ਇਨਸਾਫ਼, ਸੰਘਰਸ਼, ਜਵਾਬਦੇਹੀ, ਪਾਰਦਰਸ਼ਤਾ, ਸੁਹੱਪਣ ਤੇ ਬਰਾਬਰੀ ਭਰੀ ਦੁਨੀਆਂ ਦਾ ਸੰਕਲਪ ਪੈਦਾ ਕਰਦੀ ਹੈ।

ਇਹ ਸਤਿਨਾਮ ਸਿੰਘ ਕੋਮਲ ਦਾ ਪਹਿਲਾ ਗ਼ਜਲ ਸੰਗ੍ਰਹਿ ਹੈ ਪਰ ਇਸ ਦੀ ਕਲਾਤਮਕ, ਵਿਚਾਰਮਈ ਤੇ ਭਾਵੁਕ ਪਕਿਆਈ ਪ੍ਰਭਾਵਿਤ ਕਰਦੀ ਹੈ ਤੇ ਇਸ ਸਦਕਾ ਅਸੀਂ ਉਸ ਦਾ ਸ਼ੁਮਾਰ ਪੰਜਾਬੀ ਦੇ ਉੱਤਮ ਗ਼ਜਲਗੋਆਂ ਵਿਚ ਕਰ ਸਕਦੇ ਹਾਂ।

-ਸੁਰਜੀਤ ਪਾਤਰ

ਧੁੱਪ ਸਾਡੇ ਵੇਹੜਿਆਂ ਦੀ, ਮਹਿਲਾਂ ਨੇ ਖਾ ਲਈ ਹੈ।
ਅਸਾਂ ਓਸ ਧੁੱਪ ਦੀ ਮੂਰਤ, ਘਰ ਅਪਣੇ ਲਾ ਲਈ ਹੈ।

Sukhman Parkashan
Ludhiana